
# ਅਗਾਂਹ ਵੱਲ ਨੂੰ ਤੁਰਦਿਆਂ...



ਹਮ ਰਾਖਤ ਪਾਤਿਸਾਹੀ ਦਾਵਾ

ੴ ਸਤਿਗੁਰਪ੍ਰਸਾਦਿ।।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।

# ਵਿਸ਼ੇਸ਼ ਕਥਨ:

ਖਾਲਸਾ ਜੀ ਕੇ ਬੋਲਬਾਲੇ ਦੇ ਪਰਥਾਏ ਭਾਈ ਦਲਜੀਤ ਸਿੰਘ ਵੱਲੋਂ ਖਾਲਸਾ ਪੰਥ ਅੰਦਰ ਵਿਚਾਰ ਪ੍ਰਵਾਹ ਚਲਾਉਣ ਲਈ ਇੱਕ ਖਰੜਾ ੨੩ ਜੇਠ,੫੪੭ ਨਾਨਕਸ਼ਾਹੀ (੬ ਜੂਨ, ੨੦੧੫ ਈਸਵੀ) ਨੂੰ ਪੇਸ਼ ਕੀਤਾ ਗਿਆ ਸੀ। ਸਤਿਗੁਰਾਂ ਦੀ ਬਖਸ਼ਿਸ਼ ਸਦਕਾ ਉਸ ਖਰੜੇ ਦੇ ਵੱਖ-ਵੱਖ ਪਹਿਲੂ ਵਿਚਾਰ ਕੇ ਸਰਬਤ ਦੇ ਭਲੇ ਅਤੇ ਖਾਲਸਾ ਜੀ ਕੇ ਬੋਲਬਾਲੇ ਹਿੱਤ ਬੀਤੇ ਚਾਰ ਸਾਲ ਦੌਰਾਨ "ਸੰਵਾਦ" ਨਾਂ ਦੇ ਮੰਚ ਤੋਂ ਕੁਝ ਵਿਚਾਰ-ਵਟਾਂਦਰੇ ਦੇ ਕਾਰਜ (ਵਿਖਿਆਨ, ਗੋਸਟਿ, ਸੈਮੀਨਾਰ) ਅਰੰਭੇ ਹਨ। ਇਸ ਸਫਰ ਦੇ ਅਗਲੇ ਪੜਾਅ ਦੇ ਤੌਰ ਉਤੇ ਕੁਝ ਪੰਥ ਦਰਦੀਆਂ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ-ਮਹਲਾ ਜੋੜ ਮੇਲੇ ਮੌਕੇ ਵਿਚਾਰ ਵਟਾਂਦਰਾ ਕੀਤਾ ਗਿਆ। ਉਸ ਵਿਚਾਰ ਵਟਾਂਦਰੇ ਦੇ ਤੱਤ-ਸਾਰ ਦਾ ਖਰੜਾ ਸੁਝਾਵਾਂ ਲਈ ਸਿੱਖ-ਸੰਗਤਿ ਅੱਗੇ ਪੇਸ਼ ਹੈ ਤਾਂ ਕਿ ਭਵਿੱਖ ਲਈ ਸਾਂਝੀ ਰਣਨੀਤੀ ਅਤੇ ਪੈਂਤੜਾ ਘੜਿਆ ਜਾ ਸਕੇ। ਇਹ ਖਰੜਾ ਕੁਝ ਪੰਥ ਦਰਦੀਆਂ ਦੀ ਸੀਮਤ ਬੁੱਧੀ ‘ਤੇ ਅਧਾਰਤ ਮਾਨਤਾਵਾਂ ਹੀ ਹਨ, ਕੋਈ ਅੰਤਿਮ ਸਿੱਟੇ ਨਹੀਂ ਹਨ। ਉਜਲ-ਬੁੱਧ ਸ਼ਖਸੀਅਤਾਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਇਸ ਖਰੜੇ ਨੂੰ ਮੁਕੰਮਲ ਕਰਨ ਲਈ ਆਪਣੇ ਵਡਮੁੱਲੇ ਵਿਚਾਰ ਜਰੂਰ ਸਾਂਝੇ ਕਰਨ ਤਾਂ ਜੋ ਖਾਲਸਾ ਜੀ ਕੇ ਬੋਲਬਾਲੇ ਲਈ ਸੇਵਾ ਦਾ ਫੁਰਨਾ ਲਈ ਬੈਠੇ ਪੰਥ ਸੇਵਕਾਂ ਲਈ ਕੋਈ ਸਾਂਝਾ ਰਾਹ ਬਣੇ।

ਜਾਰੀ ਕਰਤਾ: ਸੰਵਾਦ

ਆਪਣੇ ਵਿਚਾਰ ਅਤੇ ਸੁਝਾਅ ਹੇਠ ਲਿਖੇ ਬਿਜਲ-ਪਤੇ ‘ਤੇ ਭੇਜ ਸਕਦੇ ਹੋ।

ਸੰਪਰਕ : contact@samvadblog.com

ਸੰਵਾਦ
ਸਰਬੱਤ ਦੇ ਭਲੇ ਲਈ

# ਆਦਿ ਕਥਨ

ਗੁਰੂ ਨਾਨਕ ਸਾਹਿਬ ਨੇ ਸਿੱਖ-ਸੁਰਤਿ ਨੂੰ ਅਨੰਤ ਦੀ ਛੂਹ ਲਾ ਕੇ ਗੁਰੂ-ਸੁਰਤਿ ਵਿੱਚ ਪਲਟ ਦਿੱਤਾ ਜਿਸ ਨਾਲ 'ਖਾਲਸਾ ਜੀ' ਰੂਪੀ ਅਮਲੀ ਜੀਵਨ-ਰੌਂਅ ਬਣ ਗਈ। ਪਰਮਾਤਮ ਦੀ ਮੌਜ ਵਿੱਚੋਂ ਸਾਜੇ ਗਏ 'ਖਾਲਸਾ ਪੰਥ' ਦੇ ਇਸ ਬੇਮਿਸਾਲ ਜੀਵਨ-ਅਮਲ ਦੀਆਂ ਵਿਸਮਾਦੀ ਬਰਕਤਾਂ, ਹਕੀਕੀ ਜੀਵਨ ਵਿੱਚ ਉਤਾਰਦਾ ਸਮਾਜਕ ਤੇ ਰਾਜਸੀ ਪ੍ਰਬੰਧ ਲੋਕਾਈ ਨੇ ਸਿੱਖ ਮਿਸਲਾਂ ਅਤੇ ਸਰਕਾਰ ਖਾਲਸਾ ਰੂਪ ਵਿੱਚ ਤੱਕਿਆ ਅਤੇ ਮਾਣਿਆ ਹੈ ਪਰ ਸਰਕਾਰ ਖਾਲਸਾ ਦੇ ਰਾਜ ਦੇ ਆਖਰੀ ਦੋ ਦਹਾਕਿਆਂ ਦੌਰਾਨ ਖਾਲਸਾ ਪੰਥ ਦੀ ਰਵਾਇਤ ਨੂੰ ਬੇਦਾਵਾ ਦੇਣ ਕਾਰਨ ਬੇਵਫਾਈਆਂ ਅਤੇ ਹਾਰਾਂ ਦਾ ਦੌਰ ਆਇਆ। ਖਾਲਸਾ ਪੰਥ ਦਾ ਤਪ-ਤੇਜ ਘਟਣ ਨਾਲ ਹੀ ਸਰਕਾਰ-ਖਾਲਸਾ ਦਾ ਤਾਜ ਵੀ ਖੁਸ ਗਿਆ। ਉਸੇ ਵੇਲੇ ਸਿੱਖ ਸੈਕੂਲਰ ਪੱਛਮੀ ਫਲਸਫੇ* (ਅੰਤਿਕਾ ੧) ਦੇ ਸੰਪਰਕ 'ਚ ਆਏ ਅਤੇ ਇਸ ਵਿੱਚੋਂ ਹੀ ਇੱਕ ਨਵੇਂ ਅਤੇ ਤੇਜੀ ਨਾਲ ਬਦਲ ਰਹੇ ਵਿਸ਼ਵ ਦੇ ਸਨਮੁਖ ਹੋਏ।

ਪਿਛਲੀ ਸਦੀ ਵਿੱਚ ਰਾਜਸੀ ਪ੍ਰਣਾਲੀ ਦੇ ਤੌਰ ਤੇ "ਸਾਮਰਾਜ" ਦੀ ਜਗ੍ਹਾ "ਨੇਸ਼ਨ-ਸਟੇਟ" ਨਾਂ ਦਾ ਨਵਾਂ ਵਿਚਾਰ ਉਭਰਿਆ। ਆਗੂ ਚੁਣਨ ਲਈ ਡੈਮੋਕਰੇਸੀ (ਵੋਟ-ਤੰਤਰ) ਦਾ ਵਿਚਾਰ ਜਿਆਦਾ ਮਕਬੂਲ ਹੋਇਆ। ੪੭੯ ਨਾਨਕਸ਼ਾਹੀ (੧੯੪੭ ਈ) ਵਿੱਚ ਫਿਰੰਗੀ ਸਾਮਰਾਜ ਤੋਂ ਬਾਅਦ ਦੀ ਸੱਤਾ ਤਬਦੀਲੀ ਮੌਕੇ ਤਵਾਰੀਖੀ ਤੌਰ ਉੱਤੇ ਖਾਲਸਾ ਪੰਥ ਦੀ ਕਰਮ ਭੂਮੀ ਰਿਹਾ ਖਿੱਤਾ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਤੇ ਫਿਰੰਗੀ ਵੱਲੋਂ ਨਵੇਂ ਬਣੇ ਇੰਡੀਆ ਵਿੱਚ ਬਿਪਰ-ਸੰਸਕਾਰੀ ਕਾਂਗਰਸ ਨੂੰ ਸੱਤਾ ਦਾ ਤਬਾਦਲਾ ਕਰ ਦਿੱਤਾ ਗਿਆ। ਇੰਡੀਆ ਦੇ ਨਵੇਂ ਹੁਕਮਰਾਨਾਂ ਨੇ ਵੋਟ-ਤੰਤਰ ਦੇ ਬਹੁਤ ਸਾਰੇ ਪ੍ਰਚਲਤ ਤਰੀਕਿਆਂ ਵਿੱਚੋਂ ਘੱਟ ਵਿਕਸਤ ਸਿਰਫ ਬਹੁਗਿਣਤੀ ਦਾ ਨੁਮਾਇੰਦਾ ਚੁਣਨ ਦੀ ਪ੍ਰਤੀਨਿਧੀ ਵੋਟ-ਤੰਤਰ ਪ੍ਰਣਾਲੀ (First past the post system of Representative Democracy) ਨੂੰ ਲਾਗੂ ਕੀਤਾ। ਵੱਖ-ਵੱਖ ਧਾਰਮਿਕ ਤੇ ਸਭਿਆਚਾਰਕ ਪਛਾਣਾਂ ਨੂੰ ਖਤਮ ਕਰਕੇ ਬਿਪਰ-ਸੰਸਕਾਰੀ ਇੰਡੀਅਨ ਨੇਸ਼ਨ ਬਣਾਉਣ ਦੀ ਕਵਾਇਦ ਸਰਕਾਰੀ, ਗੈਰ-ਸਰਕਾਰੀ ਅਦਾਰਿਆਂ ਵੱਲੋਂ ਜੋਰ ਸ਼ੋਰ ਨਾਲ ਤੋਰੀ ਗਈ।

ਬਿਪਰ ਦੀ ਸਾਮਰਾਜੀ ਬਿਰਤੀ ਅਤੇ ਪੱਛਮੀ ਖਿਆਲ 'ਤੇ ਅਧਾਰਤ ਵੋਟ-ਤੰਤਰ, ਇੰਡੀਅਨ ਨੈਸ਼ਨਲਿਜਮ ਤੇ ਪੂੰਜੀਵਾਦ ਦੇ ਮਿਲਵੇਂ ਪ੍ਰਭਾਵ ਕਾਰਨ ਖਾਲਸਾ ਪੰਥ ਦੀ ਨਿਆਰੀ ਹੋਂਦ 'ਤੇ ਹਮਲੇ ਦੀ ਧਾਰ ਹੋਰ ਤਿੱਖੀ ਹੋ ਗਈ।

ਸੁਤੰਤਰ ਵਿਚਰਨ ਦੇ ਵਿਚਾਰ (ਸਿਧਾਂਤ) ਨਾਲ ਸਿੱਖਾਂ ਨੇ ਪਹਿਲਾਂ ਇੰਡੀਆ ਦੀ ਮੌਜੂਦਾ ਰਾਜਸੀ ਪ੍ਰਣਾਲੀ ਤਹਿਤ ਬੋਲੀ ਅਧਾਰਤ ਸੂਬਾ, ਸ੍ਰੀ ਅਨੰਦਪੁਰ ਸਾਹਿਬ ਮਤਾ, ਸ੍ਰੀ ਅੰਮ੍ਰਿਤਸਰ ਐਲਾਨਨਾਮਾ ਅਤੇ ਫਿਰ ਵੱਖਰੇ ਮੁਲਕ ਲਈ ਖਾਲਿਸਤਾਨ ਐਲਾਨਨਾਮੇ ਰਾਹੀਂ ਅਤੇ ਵੱਖੋ-ਵੱਖ ਨੀਤੀਆਂ ਅਤੇ ਪੈਂਤੜਿਆਂ ਰਾਹੀਂ ਸੰਘਰਸ਼ ਕੀਤਾ। ਬੀਤੇ ਦੋ ਦਹਾਕਿਆਂ ਤੋਂ ਸਿੱਖ-ਸੰਗਤਿ ਦੇ ਵੱਡੇ ਹਿੱਸੇ ਵਿੱਚ ਉਪਰੋਕਤ ਸਾਰੀਆਂ ਨੀਤੀਆਂ ਤੇ ਪੈਂਤੜਿਆਂ ਨੂੰ ਬੇਦਾਵਾ ਦੇ ਕੇ ਦੁਬਾਰਾ ੪੮੭ ਨਾਨਕਸ਼ਾਹੀ (੧੯੫੫ ਈ) ਤੋਂ ਪਹਿਲਾਂ ਵਾਲੀ ਰਾਜਸੀ ਨੀਤੀ (ਕੇਂਦਰ ਸਰਕਾਰ ਨੂੰ ਸਾਰੀਆਂ ਤਾਕਤਾਂ ਪ੍ਰਦਾਨ ਕਰਨ ਵਾਲੇ ਮੌਜੂਦਾ ਇੰਡੀਅਨ ਵੋਟ-ਤੰਤਰ ਰਾਹੀਂ ਹੀ ਹੱਲ ਲੱਭਣ) ਵੱਲ ਪਰਤਣ ਦਾ ਰੁਝਾਨ ਜੋਰ ਫੜ੍ਹ ਗਿਆ ਹੈ। ਸਿੱਖ ਧਾਰਮਿਕ ਜਥਿਆਂ ਤੇ ਰਾਜਸੀ ਧੜਿਆਂ ਦਾ ਅਮਲ ਗੁਰਮਤਿ ਅਤੇ ਸਿੱਖ ਰਵਾਇਤ ਤੋਂ ਦੂਰ ਹੀ ਹੁੰਦਾ ਜਾ ਰਿਹਾ ਹੈ। ਇਸ ਨਾਜੁਕ ਦੌਰ ਵਿੱਚ ਜਿੱਥੇ ਸਾਨੂੰ ਖਾਲਸਾ ਪੰਥ ਦੀ ਰਾਜਸੀ ਨੀਤੀ ਤੇ ਪੈਂਤੜੇਬਾਜੀ ਦੀ ਮੁੜ-ਪੜਚੋਲ ਦੀ ਜਰੂਰਤ ਹੈ ਉਥੇ ਸਾਨੂੰ ਗੁਰਮਤਿ ਨਜਰੀਏ ਤੋਂ ਸੰਸਾਰ ਦੇ ਸਮੁੱਚੇ ਵਰਤਾਰੇ ਅਤੇ ਆਪਣੀ ਅੰਦਰੂਨੀ ਹਾਲਤ ਬਾਰੇ ਆਤਮ ਚੀਨਣ ਦੀ ਲੋੜ ਵੀ ਹੈ। ਮੌਜੂਦਾ ਹਾਲਤ ਦੀ ਸਮਝ ਲਈ ਅਤੇ ਤਵਾਰੀਖ ਵਿੱਚ ਦਰਜ, ਬੁਲੰਦ ਖਾਲਸਾ ਕਿਰਦਾਰ ਅਤੇ ਇਸਦੀਆਂ ਬਰਕਤਾਂ ਨੂੰ ਜੀਵਨ ਦੀ ਸਦਾ-ਵਰਤ ਤੋਰ ਵਿੱਚ ਹਲੂਲ ਕਰਨ ਦੇ ਅਮਲ ਨੂੰ ਮੁੜ ਸੁਰਜੀਤ ਕਰਨ ਲਈ ਚਿੰਤਨ ਦੀ ਜਰੂਰਤ ਹੈ, ਜਿਸ ਦੀ ਕਵਾਇਦ ਵਜੋਂ ਕੁਝ ਨੁਕਤੇ ਪੇਸ਼ ਹਨ ਜੋ ਪੰਥਕ ਹਾਲਤ, ਰੋਗੀ-ਬਿਰਤੀਆਂ ਦੀ ਪਛਾਣ, ਕਾਰਨ ਤੇ ਇਲਾਜ ਅਤੇ ਅਗਲੀ ਕਾਰਜ ਸੇਧ ਦੇ ਮਹਾਂ-ਪਾਸਾਰ ਦੀ ਕੁਝ ਥਾਹ ਪਾਉਣ ਦਾ ਯਤਨ ਮਾਤਰ ਹੈ।

## ਰੋਗ ਦਾ ਕੇਂਦਰੀ ਸੂਤਰ

ਮੌਜੂਦਾ ਦੌਰ ਵਿੱਚ ਬਹੁਗਿਣਤੀ ਸਿੱਖਾਂ ਦੀ ਰਹਿਤ ਦਾ ਕੇਂਦਰ ਗੁਰੂ-ਲਿਵ (ਨਾਮ-ਬਾਣੀ) ਨਹੀਂ ਰਿਹਾ ਜਿਸ ਕਾਰਨ ਸਿੱਖ-ਸੁਰਤਿ ਵਿੱਚੋਂ ਇਲਾਹੀ ਹੁਕਮ ਅਤੇ ਰਜਾ ਦਾ ਅਹਿਸਾਸ ਪੇਤਲਾ ਹੋ ਗਿਆ ਹੈ। ਸਿੱਖ ਇਲਾਹੀ ਬਖਸ਼ਿਸ਼ ਦੀ ਬਜਾਏ ਸਿਰਫ ਇਨਸਾਨੀ ਉਪਾਅ/ ਵਿਧੀਆਂ ਉਪਰ ਟੇਕ ਰੱਖਣ ਲੱਗਾ ਹੈ।

ਸਿੱਖ ਗਿਆਨ-ਪ੍ਰਬੰਧ ਦਾ ਵਿਧੀ-ਵਿਧਾਨ ਸਥਾਪਤ ਨਾ ਰਹਿਣ ਕਾਰਨ ਬਿਪਰ-ਸੰਸਕਾਰ* (ਅੰਤਿਕਾ ੨) ਅਤੇ ਸੈਕੂਲਰ ਪੱਛਮੀ

ਫਲਸਫੇ ਨੇ ਸਾਡੀ ਗੁਰਬਾਣੀ ਵਿਆਖਿਆ, ਤਵਾਰੀਖ ਤੇ ਪਰੰਪਰਾ ਪ੍ਰਤੀ ਸਮਝ ਨੂੰ ਪ੍ਰਭਾਵਤ ਕੀਤਾ ਹੈ, ਜਿਸ ਕਾਰਨ ਸਾਡੀਆਂ ਮੂਲ ਸੰਸਥਾਵਾਂ 'ਗੁਰ-ਸੰਗਤਿ' ਤੇ 'ਗੁਰੂ ਖਾਲਸਾ ਪੰਥ' ਦੀ ਹੋਂਦ ਅਤੇ ਅਮਲ ਦਾ ਅਹਿਸਾਸ ਸਾਡੇ ਵਿੱਚ ਧੁੰਦਲਾ ਹੋ ਗਿਆ ਹੈ।

ਲਗਭਗ ਸਾਰੀ ਦੁਨੀਆ ਦੇ ਪ੍ਰਬੰਧ ਸੈਕੂਲਰ ਪੱਛਮੀ ਫਲਸਫੇ ਉਤੇ ਹੀ ਉਸਰੇ ਹੋਣ ਕਾਰਨ ਸਮਾਜਕ,ਰਾਜਸੀ, ਪ੍ਰਸ਼ਾਸਨਕ, ਵਿੱਦਿਅਕ ਅਤੇ ਆਰਥਕ ਪ੍ਰਬੰਧਾਂ ਦੇ ਨਾਲ-ਨਾਲ ਸਾਡੇ ਗੁਰਦੁਆਰਾ ਪ੍ਰਬੰਧ, ਸੰਸਥਾਵਾਂ (Institutions), ਗੁਰਮਤਿ ਪ੍ਰਚਾਰ ਜਥੇ, ਅਤੇ ਸਿੱਖ ਰਾਜਸੀ ਦਲ ਵੀ ਰੱਬੀ ਸਿਦਕ ਦੀ ਬਜਾਏ ਇੰਦ੍ਰਿਆਵੀ ਅਨੁਭਵ ਵਿੱਚੋਂ ਉਪਜੀ ਗਿਆਨ-ਹਉਮੈ ਨਾਲ ਗ੍ਰਸਤ ਹੋ ਗਏ ਹਨ।

ਪੱਛਮ ਨੇ ਰੈਨੇਸਾਂ (Renaissance) ਦੇ ਵੇਲਿਆਂ ਤੋਂ ਲੈ ਕੇ ਮਾਡਰੈਨਿਟੀ ਦੇ ਨਾਂ 'ਤੇ ਪੂਰਬੀ ਅਤੇ ਏਸ਼ੀਆਈ ਕੌਮਾਂ/ਨਸਲਾਂ ਨੂੰ ਸਿੱਖਿਅਤ ਕਰਨ ਦਾ ਇੱਕ ਲੰਮਾ ਅਭਿਆਸ ਕੀਤਾ। ਇਹ ਇੱਕ ਯੋਜਨਾਬੱਧ ਅਮਲ ਸੀ ਜਿਸ ਨਾਲ ਪੱਛਮੀ ਸਰਦਾਰੀ ਸਥਾਪਤ ਕਰਨ ਲਈ ਮਸਨੂਈ ਰਾਸ਼ਟਰਵਾਦੀ ਭਾਵਨਾ ਵੀ ਜੋੜੀ ਗਈ। ਸਮੁੱਚੀ ਜਿੰਦਗੀ ਨੂੰ ਨਵੇਂ ਪੱਛਮੀ ਨੁਕਤਾ-ਏ-ਨਿਗਾਹ (ਪੱਛਮੀ-ਵਿਸ਼ਵ ਦ੍ਰਿਸਟੀ ਵਿੱਚ ਜਿਸ ਨੂੰ Secular World View ਕਿਹਾ ਜਾਂਦਾ ਹੈ) ਤੋਂ ਪਰਿਭਾਸ਼ਤ ਕੀਤਾ ਗਿਆ। ਸਿੱਖਿਆ-ਤੰਤਰ ਨੂੰ ਸੰਦ (Device) ਵਜੋਂ ਵਰਤਦਿਆਂ ਇਸ ਪਰਿਭਾਸ਼ਾ ਨੂੰ ਲੋਕਾਈ ਦੇ ਦਿਲੋ ਦਿਮਾਗ ਵਿੱਚ ਗੂੜ੍ਹਾ ਛਾਪ ਦਿੱਤਾ ਗਿਆ। ਬਰਤਾਨਵੀ ਅਤੇ ਅਮਰੀਕੀ ਸਾਮਰਾਜ ਵਿੱਚ ਇਸ ਪੱਖ ਤੋਂ ਸਾਂਝੇ ਲੱਛਣ ਪਾਏ ਜਾਂਦੇ ਹਨ। ਸਿੱਖ ਵੀ ਇਸ ਨੀਤੀ ਅਧੀਨ ਬਰਤਾਨਵੀ ਵਿੱਦਿਆ-ਤੰਤਰ ਨਾਲ ਸਿਧਾਏ ਗਏ ਜਿਸ ਨਾਲ ਜਿਊਂਦੇ ਧੜਕਦੇ ਅਹਿਸਾਸ ਵਾਲੀ ਪ੍ਰਤੀਤੀ ਸੱਤਿਆ ਨੂੰ ਡਾਢੀ ਸੱਟ ਵੱਜੀ। ਸਿੱਖਾਂ ਨੇ ਅਖੌਤੀ ਮਾਡਰੈਨਿਟੀ ਦੇ ਹਾਣੀ ਬਣਦਿਆਂ ਸਿੱਖ ਪਰੰਪਰਾ ਛੱਡੀ ਪਰ ਇਸ ਵਿੱਚੋਂ ਆਪਣੇ ਵਿਰਾਸਤੀ ਆਪੇ ਤੋਂ ਉਚਾ ਆਦਰਸ਼ ਅਤੇ ਅਮਲ ਨਹੀਂ ਪੈਦਾ ਕਰ ਸਕੇ।

## ਨਤੀਜੇ ਵਜੋਂ

- ਸਾਡੀ ਨਿਜ-ਰਹਿਤ ਅਤੇ ਸੰਗਤੀ-ਰਹਿਤ ਅੰਸ਼ਕ ਤੌਰ 'ਤੇ ਹੀ ਗੁਰਮਤਿ ਅਨੁਸਾਰੀ ਰਹਿ ਗਈ ਹੈ। ਸਿੱਖ ਸ਼ਖਸੀਅਤ ਕਲਾ ਅਤੇ ਸੁਹਜ ਤੋਂ ਸੱਖਣੀ ਹੋ ਰਹੀ ਹੈ।

- ਅਗਲੀਆਂ ਪੀੜ੍ਹੀਆਂ ਤੱਕ ਗੁਰਮਤਿ ਨਜਰੀਏ ਤੋਂ ਗੁਰਬਾਣੀ ਵਿਆਖਿਆ, ਤਵਾਰੀਖ ਅਤੇ ਪਰੰਪਰਾ ਦਾ ਸੰਚਾਰ ਅੰਸ਼ਕ ਰੂਪ ਵਿੱਚ ਹੋ ਰਿਹਾ ਹੈ।
- ਗੁਰਮਤਿ ਪ੍ਰਚਾਰ ਦੇ ਨਾਂ ਉਤੇ ਨਾਸਤਿਕਤਾ ਤੇ ਫੋਕੇ ਕਰਮਕਾਂਡਾਂ ਦਾ ਵੀ ਉਭਾਰ ਹੋ ਰਿਹਾ ਹੈ।
- ਗੁਰਮਤਿ ਨਜਰੀਏ ਤੋਂ ਸੰਸਾਰ ਦੇ ਸਮਾਜੀ, ਰਾਜਸੀ ਤੇ ਕੁਦਰਤੀ ਵਰਤਾਰਿਆਂ ਨੂੰ ਦੇਖਣ ਅਤੇ ਸਮਝਣ ਦੀ ਸਮਰੱਥਾ ਸੀਮਿਤ ਹੋ ਗਈ ਹੈ।
- ਗੁਰਮਤਿ ਨਜਰੀਏ ਦੇ ਧੁੰਦਲੇਪਨ ਕਾਰਨ ਸਿੱਖ ਸੰਗਤਾਂ ਵਿੱਚ ਵਿਚਾਰ-ਪ੍ਰਵਾਹ ਓਪਰੇ ਪੱਧਰ ਦਾ ਹੀ ਹੈ। ਜਿਸ ਕਾਰਨ ਮਨਮੁਖ ਵਿਅਕਤੀ,ਧੜੇ ਅਤੇ ਗੈਰ-ਪੰਥਕ ਅਮਲ ਸਿੱਖ ਸੰਗਤ ਵਿੱਚ ਜਗ੍ਹਾ ਬਣਾ ਰਹੇ ਹਨ।
- ਗੁਰੂ ਖਾਲਸਾ ਪੰਥ ਦੇ ਪਾਤਿਸਾਹੀ ਦਾਅਵੇ ਅਤੇ ਅਜਾਦ ਰਾਜਸੀ ਹੋਂਦ ਨੂੰ ਸਮਝਣ ਵਿੱਚ ਦਿੱਕਤ ਆ ਰਹੀ ਹੈ।
- ਗੁਰੂ ਖਾਲਸਾ ਪੰਥ ਦੀ ਭੂਮਿਕਾ ਨੂੰ ਖਾਸ ਖਿੱਤੇ (ਪੰਜਾਬ) ਤੱਕ ਹੀ ਸੀਮਿਤ ਕਰਕੇ ਦੇਖਿਆ ਜਾ ਰਿਹਾ ਹੈ।
- ਸੰਘਰਸ਼ ਦੀ ਸਿੱਖ ਪਰੰਪਰਾ ਨੂੰ ਸਹੀ ਰੂਪ ਵਿੱਚ ਗ੍ਰਹਿਣ ਕਰਨ ਲਈ ਲੋੜੀਂਦੇ ਗੁਰਮਤਿ ਨਜਰੀਏ ਦੇ ਪੇਤਲੇਪਨ ਕਾਰਨ ਖਾੜਕੂ ਲਹਿਰ ਦੀ ਸਹੀ ਸਮਝ ਅਤੇ ਵਿਆਖਿਆ ਸਿੱਖ ਸੰਗਤ ਵਿੱਚ ਪ੍ਰਚਲਤ ਨਹੀਂ ਹੈ।
- ਸਰਬੱਤ ਦੇ ਭਲੇ ਦੇ ਉਚੇ ਆਦਰਸ਼ ਦੀ ਬਜਾਏ ਨਿੱਜ-ਪ੍ਰਸਤ, ਬੇਵਿਸ਼ਵਾਸੇ, ਕੂੜਿਆਰੇ ਅਮਲ ਵਾਲੇ ਆਗੂ ਉਭਰ ਰਹੇ ਹਨ। ਸਦਾਚਾਰ ਮਨਫੀ ਹੁੰਦਾ ਜਾ ਰਿਹਾ ਹੈ।
- ਬਿਪਰ ਸਾਮਰਾਜ ਵੱਲੋਂ ਕੀਤੀ ਜਾ ਰਹੀ ਲੁੱਟ ਤੇ ਜੁਲਮ, ਨੈਸ਼ਨਲਿਜਮ ਦਾ ਸਭਿਆਚਾਰਕ ਹਮਲਾ ਅਤੇ ਬਿਪਰ-ਸੰਸਕਾਰ ਦਾ ਸੂਖਮ ਮਨੋਵਿਗਿਆਨਕ ਹਮਲਾ ਸਿੱਖ ਸੰਗਤ ’ਤੇ ਜਿਆਦਾ ਅਸਰਅੰਦਾਜ ਹੋ ਰਿਹਾ ਹੈ।
- ਸਿੱਖ ਪਰੰਪਰਕ ਵਿੱਦਿਆ ਪ੍ਰਣਾਲੀ ਦੀ ਜਗ੍ਹਾ ਪੱਛਮੀ ਵਿੱਦਿਆ ਪ੍ਰਣਾਲੀ ਨੇ ਲੈ ਲਈ ਹੈ।
- ਜਥੇਬੰਦ ਹੋਣ ਦੇ ਗੈਰ-ਪੰਥਕ ਤਰੀਕੇ ਪ੍ਰਚਲਤ ਹੋ ਗਏ ਹਨ।
- ਤਕਨੀਕ (ਬਿਜਲ ਸੱਥ) ਦਾ ਉਭਾਰ ਸਿੱਖ ਸੰਗਤ ਅੰਦਰਲੇ ਮਤਭੇਦਾਂ ਨੂੰ ਵਧਾਉਣ ਦਾ ਕਾਰਜ ਕਰ ਰਿਹਾ ਹੈ।
- ਬਹੁ-ਪਸਾਰੀ ਅਲਾਮਤਾਂ ਵਾਲੇ ਇਸ ਦੀਰਘ ਰੋਗ ਦਾ ਇਲਾਜ ਉਨ੍ਹਾਂ ਪੰਥਕ ਰਵਾਇਤਾਂ ਦੀ ਪੁਨਰ-ਸੁਰਜੀਤੀ ਵਿੱਚ ਪਿਆ ਹੈ,

ਜਿਨ੍ਹਾਂ ਨਾਲੋਂ ਅਸੀਂ ਬੁਰੀ ਤਰ੍ਹਾਂ ਟੁੱਟ ਚੁੱਕੇ ਹਾਂ। ਇਸ ਲਈ ਪਹਿਲ ਦੇ ਅਧਾਰ ’ਤੇ ਵਿਚਾਰੀਆਂ ਜਾਣ ਵਾਲੀਆਂ ਕੁਝ ਰਵਾਇਤਾਂ ਇਉਂ ਹਨ:

## ਖਾਲਸਾ ਜੀ ਕੇ ਬੋਲਬਾਲੇ - ਪੰਥਕ ਰਵਾਇਤ ਦੀ ਪੜਚੋਲ

### ੳ) ਗੁਰੂ ਖਾਲਸਾ ਪੰਥ ਦਾ ਸਥਾਨ

ਗੁਰੂ, ਖਾਲਸਾ ਤੇ ਪੰਥ ਤਿੰਨ ਅੱਡੋ-ਅੱਡ ਸ਼ਬਦ ਹਨ ਪਰ ਇਕੱਠੇ ਹੋ ਕੇ ਇਹ ਇੱਕ ਨਵਾਂ ਮਾਅਨਾ ਧਾਰ ਜਾਂਦੇ ਹਨ। ਗੁਰੂ ਪਾਤਿਸਾਹ ਰਾਹੀਂ ਜਾਗਤਿ-ਜੋਤ ਕਾਲ(ਤਵਾਰੀਖ) ਵਿੱਚ ਪ੍ਰਵੇਸ਼ ਕਰਦੀ ਹੈ। ਗੁਰੂ ਕੁਦਰਤੀ ਤੇ ਰੂਹਾਨੀ ਤੌਰ ਤੇ ਸਰਵੋਤਮ ਹੈ। ਗੁਰੂ ਸਾਹਿਬ ਨੇ ਗੁਰਿਆਈ ਸਾਂਝੇ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖਾਲਸਾ ਪੰਥ ਨੂੰ ਬਖਸ਼ਿਸ਼ ਕੀਤੀ ਹੈ। ਗੁਰ-ਜੋਤ ਸ਼ਬਦ ਰੂਪ ਵਿੱਚ ਗੁਰੂ ਗ੍ਰੰਥ ਵਿੱਚ ਵਿਦਮਾਨ ਹੈ ਤੇ ਦੇਹ-ਰੂਪ ਵਿੱਚ ਗੁਰੂ ਪੰਥ ਵਿੱਚ ਪਰਕਾਸ਼ਮਾਨ ਹੈ।

ਗੁਰੂ ਸਾਹਿਬ ਨੇ ਖਾਲਸਾ ਪੰਥ ਨੂੰ ਇੱਕ ਖਾਸ ਜਬਤ ਦਿੱਤਾ ਹੈ। ਗੁਰਮੁਖਿ ਰਹਿਤ ‘ਚ ਚੱਲਦਿਆਂ ਹੀ ਖਾਲਸਾ ਗੁਰੂ ਦੇ ਗੁਣ ਧਾਰਨ ਕਰ ਸਕਦਾ ਹੈ। ਉਦਮ, ਸਿਦਕ, ਪਰਖ ਤੇ ਬਖਸ਼ਿਸ਼ ਦੇ ਪੜਾਵਾਂ ਵਿੱਚੋਂ ਲੰਘ ਕੇ ਖਾਲਸਾ ਪੰਥ ਸਿਰੋਮਣੀ ਹੋਣ ਦਾ ਅਧਿਕਾਰੀ ਬਣਦਾ ਹੈ। ਗੁਰੂ ਖਾਲਸਾ ਪੰਥ ਦਾ ਸਫਰ ਇੱਕ ਤੋਂ ਸਰਬਤ ਤੱਕ ਪਸਾਰ ਦਾ ਹੈ। ਇਹ ‘ਸਵਾ ਲੱਖ’ ਵੀ ਨਿਆਂ ਕਰਨ ਦੇ ਸਮਰੱਥ ਹੈ। ਇਹ ਸੰਗਤ ਰੂਪ ਵਿੱਚ ਵਿਚਰਦਾ ਹੈ, ਕਦੇ ਖਾਸ ਮੌਕੇ ਇਕੱਲਾ ਸਿੰਘ ਵੀ ਪੰਥ ਦੀ ਭੂਮਿਕਾ ਨਿਭਾਉਂਦਾ ਹੈ।

ਗੁਰੂ ਖਾਲਸਾ ਪੰਥ ਆਮ ਲੋਕਾਂ ਦਾ ਸਭਿਆਚਾਰ ਨਹੀਂ ਸਗੋਂ ਇਹ ਆਤਮਕ ਤੌਰ ਤੇ ਜਾਗੀਆਂ ਹੋਈਆਂ ਰੂਹਾਂ ਦੇ ਜੀਵਨ-ਰੌਂਅ ਦਾ ਨਾਂ ਹੈ।

ਸਚਾ ਪਾਤਿਸਾਹ ਹੀ ਤਹਿ ਕਰਦਾ ਹੈ ਕਿ ਕੌਣ ਸੇਵਾ, ਕੁਰਬਾਨੀ ਤੇ ਸ਼ਹਾਦਤ ਰਾਹੀਂ ਪੰਥ ਮਹਾਰਾਜ ਦਾ ਸੇਵਕ ਹੋਣ ਦਾ ਮਾਣ ਹਾਸਲ ਕਰੇਗਾ।

ਖਾਲਸਾ ਪੰਥ ਦਾ ਦਰਜਾ ਸਿਰੋਮਣੀ ਹੈ। ਹਰ ਸਿੱਖ ਗੁਰੂ ਖਾਲਸਾ ਪੰਥ ਦੇ ਅਨੁਸਾਰੀ ਹੋ ਕੇ ਵਿਚਰਦਾ ਹੈ। ਖਾਲਸਾ ਪੰਥ ਅਦਲ ਅਤੇ ਸਦ–ਵਿਗਾਸ ਦੇ ਹੁਕਮ ਕਰਦਾ ਹੈ।

ਗੁਰੂ ਖਾਲਸਾ ਪੰਥ ਦਾ ਪਾਤਿਸਾਹੀ ਦਾਅਵਾ ਕਿਸੇ ਦੁਨਿਆਵੀ ਖਿਆਲ ’ਤੇ ਅਧਾਰਤ ਨਹੀਂ ਹੈ ਸਗੋਂ ਸ੍ਰੀ ਗੁਰੂ ਨਾਨਕ ਸਚੇ ਪਾਤਿਸਾਹ ਹਜੂਰ ਦੀ ਰੂਹਾਨੀ ਵਿਰਾਸਤ ਹੈ। ਇਸ ਲਈ ਖਾਲਸਾ ਪੰਥ ਅਕਾਲ ਤਖਤ ਦਾ ਵਾਰਸ ਹੈ। ਗੁਰੂ ਖਾਲਸਾ ਪੰਥ, ਅਕਾਲ–ਜੋਤ ਦੇ ਪੀਰੀ (ਪਲਤਮੁਖੀ ਪ੍ਰਭੁਤਾ) ਤੇ ਮੀਰੀ (ਹਲਤਮੁਖੀ ਪ੍ਰਭੁਤਾ) ਦੇ ਦੈਵੀ ਗੁਣਾਂ ਦਾ ਤਵਾਰੀਖ (ਸਮੇਂ ਤੇ ਸਥਾਨ) ਵਿੱਚ ਕਿਰਿਆਸ਼ੀਲ ਹੋਣ ਦਾ ਜਰੀਆ ਹੈ।

- ## ਪਾਤਿਸਾਹੀ ਅਤੇ ਰਾਜ:

ਖਾਲਸਾ ਪੰਥ ਦੀ ਪਾਤਿਸਾਹੀ ਅਕਾਲਪੁਰਖ ਵੱਲੋਂ ਬਖਸੀ ਹੋਈ ਸਦੀਵੀ ਰੂਹਾਨੀ ਹੋਂਦ ਹੈ, ਜਦਕਿ ਰਾਜ ਪ੍ਰਬੰਧ ਇਸ ਪਾਤਿਸਾਹੀ ਦਾ ਦੁਨਿਆਵੀ ਧਰਾਤਲ ਉਤੇ ਵਿਹਾਰਕ ਪ੍ਰਗਟਾਓ ਹੈ।

ਪਾਤਿਸਾਹੀ ਦਾਅਵਾ ਦੁਨਿਆਵੀ ਤਖਤ ਤੇ ਨਿਰਭਰ ਨਹੀਂ ਹੈ; ਸਗੋਂ ਅਕਾਲ ਪੁਰਖ ਦੀ ਬਖਸ਼ ਅਤੇ ਸਿੰਘਾਂ ਦੀਆਂ ਸ਼ਹਾਦਤਾਂ ਦੇ ਆਸਰੇ ਹੈ।

ਖਾਲਸਾ ਪੰਥ ਦਾ ਪਾਤਿਸਾਹੀ ਦਾਅਵਾ ਅਕਾਲੀ ਪ੍ਰਭੂਸੱਤਾ ਹੈ। ਜਦਕਿ ਰਾਜ, ਕਾਲ ਅਧੀਨ ਤਖਤ ਨਾਲ ਸੰਬੰਧਤ ਹੋਂਦ ਹੈ। ਗੁਰਬਾਣੀ ਅਨੁਸਾਰ ਕਾਲ ਸਦੀਵ ਨਹੀਂ ਹੈ। ਇਸ ਲਈ ਗੁਰੂ ਖਾਲਸਾ ਪੰਥ ਸਦਾ ਹੀ ਆਪਣੇ ਵੱਲੋਂ ਬਣਾਏ ਰਾਜ ਪ੍ਰਬੰਧ ਤੋਂ ਉਪਰ ਰਹੇਗਾ। ਪਾਤਿਸਾਹੀ ਦੇ ਸਿਧਾਂਤ ਅਨੁਸਾਰ ਅਕਾਲਪੁਰਖ ਤੋਂ ਇਲਾਵਾ ਹੋਰ ਕਿਸੇ ਵੀ ਤਾਕਤ, ਵਿਚਾਰ ਜਾਂ ਰਾਜ ਪ੍ਰਬੰਧ ਦੀ ਅਧੀਨਗੀ ਜਾਂ ਗੁਲਾਮੀ ਖਾਲਸਾ ਪੰਥ ਕਿਸੇ ਵੀ ਰੂਪ ਵਿੱਚ ਕਬੂਲ ਨਹੀਂ ਕਰ ਸਕਦਾ। ਖਾਲਸਾ ਪੰਥ ਸਿਰਫ ਅਕਾਲਪੁਰਖ ਦੀ ਸਿੱਧੀ ਅਧੀਨਗੀ ਕਬੂਲਦਾ ਹੈ ਅਤੇ ਇਸ ਸਿਧਾਂਤ ਅਨੁਸਾਰ ਪੰਥ ਦੇ ਅਮਲ/ਸਰਗਰਮੀ ਅਤੇ ਸੁਤੰਤਰਤਾ ਨੂੰ ਸੀਮਤ ਜਾਂ ਕਾਬੂ ਕਰਨ ਦਾ ਹੱਕ ਕਿਸੇ ਵੀ ਤਾਕਤ ਕੋਲ ਨਹੀਂ ਹੈ। ਜਦੋਂ ਵੀ ਕੋਈ ਤਾਕਤ ਖਾਲਸਾ ਪੰਥ ਦੀ ਸੁਤੰਤਰ ਹੋਂਦ ਨੂੰ ਕਾਬੂ ਜਾਂ ਸੀਮਤ ਕਰਨ ਦਾ ਯਤਨ ਕਰਦੀ ਹੈ ਜਾਂ ਰੱਬੀ ਹੁਕਮਾਂ ਦੀ ਉਲੰਘਣਾ ਕਰਕੇ ਜੁਲਮੀ ਰਾਜ ਸਥਾਪਤ ਕਰਦੀ ਹੈ ਤਾਂ ਖਾਲਸਾ ਪੰਥ ਉਸ ਨੂੰ ਜੜ੍ਹੋਂ ਪੱਟ ਕੇ ਸਰਬਤ ਦੇ ਭਲੇ ਵਾਲਾ ਪ੍ਰਬੰਧ ਸਿਰਜਣ ਲਈ ‘ਬਾਗੀ ਜਾਂ ਬਾਦਸ਼ਾਹ’

ਵਾਲੀ ਦ੍ਰਿੜਤਾ ਨਾਲ ਜੱਦੋ-ਜਹਿਦ ਕਰਦਾ ਹੈ।

ਸ੍ਰੀ ਗੁਰੂ ਨਾਨਕ ਸੱਚੇ ਪਾਤਿਸਾਹ ਹਜ਼ੂਰ ਦਾ ਪੀਰੀ ਦਾ ਬਿਰਦ ਸਦ-ਬਖਸ਼ਿੰਦ ਅਤੇ ਸਰਬਤ ਦੇ ਭਲੇ ਵਾਲਾ ਹੈ। ਇਸ ਲਈ ਮੀਰੀ ਪੱਖ ਤੋਂ ਖਾਲਸਾ ਪੰਥ ਦੀ ਜ਼ਿੰਮੇਵਾਰੀ ਹੈ ਕਿ ਜਰਵਾਣੇ ਦੀ ਭੱਖਿਆ-ਗਰੀਬ ਦੀ ਰੱਖਿਆ ਅਤੇ ਰੱਬੀ ਹੁਕਮ ਦੀਆਂ ਉਲੰਘਣਾਵਾਂ ਰੋਕਣ ਲਈ ਹਲੇਮੀ ਰਾਜ ਪ੍ਰਬੰਧ ਕਾਇਮ ਕਰੇ।

ਗੁਰੂ-ਲਿਵ ਤੋਂ ਵਿਰਵਾ ਹੋ ਜਾਣ ਦੀ ਸੂਰਤ ਵਿੱਚ ਖਾਲਸਾ ਪੰਥ ਆਪਣੀ ਗੁਰੂ ਅਤੇ ਖਾਲਸਾ ਹੋਣ ਦੀ ਪਦਵੀ ਖੋ ਬੈਠਦਾ ਹੈ ਅਤੇ ਨਾਲ ਹੀ ਪਾਤਿਸਾਹੀ ਦਾਅਵਾ ਅਲੋਪ ਹੋ ਜਾਂਦਾ ਹੈ। ਬੱਸ ਇੱਕ ਸਭਿਆਚਾਰਕ ਪਹਿਚਾਣ ਤੱਕ ਸੀਮਤ ਹੋ ਜਾਂਦਾ ਹੈ।

ਸੈਕੂਲਰ ਪੱਛਮੀ ਫਲਸਫੇ ਦੇ ਪ੍ਰਭਾਵ ਹੇਠ ਸਿੱਖ-ਸੰਗਤ ਵਿੱਚੋਂ ਵੀ ਬਹੁਤ ਹਿੱਸਾ ਅਕਾਲਪੁਰਖ ਦੀ ਬਜਾਏ ਰਾਜ ਪ੍ਰਬੰਧ ਨੂੰ ਪ੍ਰਭੂਸੱਤਾ ਸੰਪੰਨ ਸਮਝਣ ਲੱਗ ਪਿਆ ਹੈ। ਇਸ ਕਾਰਨ ਖਾਲਸਾ ਪੰਥ ਹੋਣ ਦਾ ਦਾਅਵਾ ਕਰਨ ਵਾਲੇ ਬਹੁਤੇ ਦਲਾਂ ਦੀ ਪਛਾਣ ਦੁਨਿਆਵੀ ਰਾਜਸੀ ਧੜਿਆਂ ਵਾਲੀ ਹੋ ਗਈ ਹੈ। ਮੌਜੂਦਾ ਵਕਤ ਦੇ ਰਾਜਸੀ ਧੜਿਆਂ  ਵਿੱਚੋਂ ਬਹੁਤੇ ਉਹ ਹਨ ਜਿਨ੍ਹਾਂ ਦਾ ਦਾਅਵਾ ਦੁਨਿਆਵੀ ਬਾਦਸ਼ਾਹਤ ਵਾਲਾ ਵੀ ਨਹੀਂ ਹੈ ਸਗੋਂ ਸੂਬੇਦਾਰੀ ਵਾਲਾ ਹੈ।

ਪਿਛਲੇ ੧੫੦ ਸਾਲ ਤੋਂ ਸਿੱਖ-ਸੰਗਤ ਦਾ ਜਿਆਦਾ ਹਿੱਸਾ ਰੱਬੀ ਪਾਤਿਸਾਹੀ ਦੇ ਦਾਅਵੇ ਨੂੰ ਵਿਸਾਰ ਕੇ ਹੋਰ ਦੁਨਿਆਵੀ ਰਾਜਸੀ ਜਮਾਤਾਂ ਤੇ ਯੂਰਪੀਅਨ ਨੇਸ਼ਨ ਵਾਂਗੂ ਰਾਜ ਪ੍ਰਬੰਧ ਨੂੰ ਹਾਸਲ ਕਰਨ ਲਈ ਸੋਚਦਾ ਆ ਰਿਹਾ ਹੈ।

ਖਾਲਸਾ-ਪਾਤਿਸਾਹੀ, ਇੱਕ ਫਿਰਕੇ ਦੀ ਖਾਸ ਸਮੇਂ-ਸਥਾਨ ਅੰਦਰ ਪ੍ਰਭੂਸੱਤਾ ਸਥਾਪਤ ਕਰਨ ਦੀ ਲਾਲਸਾ ਤੋਂ ਵੱਧ ਹੈ ਪਰ ਅੱਜ ਸਿੱਖਾਂ ਦੇ ਇੱਕ ਹਿੱਸੇ ਦਾ ਰਾਜਸੀ ਨਿਸ਼ਾਨਾ ਸਿਰਫ ਆਪਣੀ ਸਭਿਆਚਾਰਕ ਪਛਾਣ ਨੂੰ ਬਚਾਉਣ ਤੱਕ ਸੀਮਿਤ ਹੁੰਦਾ ਜਾ ਰਿਹਾ ਹੈ।

## • ਗੁਰੂ ਖਾਲਸਾ ਪੰਥ ਬਾਬਤ ਕੁਝ ਹੋਰ ਨੁਕਤੇ

ਗੁਰੂ ਖਾਲਸਾ ਪੰਥ ਅਤੇ ਸੰਪਰਦਾ ਜਾਂ ਸਮਾਜੀ-ਰਾਜਸੀ ਸਭਾਵਾਂ/ਧੜਿਆਂ ਵਿੱਚ ਫਰਕ ਇਹ ਹੈ ਕਿ ਪੰਥ ਇਲਾਹੀ ਨੇਮ ਅਤੇ ਰੂਹਾਨੀ ਜੀਵਨ ਦੇ ਰਾਹ 'ਤੇ ਹੁੰਦਾ ਹੈ ਅਤੇ ਸਮਾਜੀ-ਰਾਜਸੀ ਸਭਾਵਾਂ ਕਿਸੇ ਖਾਸ ਵਿਚਾਰਧਾਰਾ*(ਅੰਤਿਕਾ ੩) ਦੇ ਰਾਹ ਤੁਰਦੀਆਂ ਹਨ। ਸੰਪਰਦਾ ਕਿਸੇ ਵੇਲੇ ਤਵਾਰੀਖ ਵਿੱਚ ਕਿਰਿਆਸ਼ੀਲ ਰਹੀ ਹੁੰਦੀ ਹੈ ਪਰ ਉਹ ਸਦਾ ਕਿਰਿਆਸ਼ੀਲ ਨਹੀਂ ਰਹਿੰਦੀ। ਗੁਰੂ ਖਾਲਸਾ ਪੰਥ ਸਦਾ ਕਿਰਿਆਸ਼ੀਲ

ਅਤੇ ਵਿਗਾਸ ਵਿੱਚ ਹੈ।

ਇਸ ਲਈ ਕੋਈ ਵੀ ਦਲ, ਧਰਮ ਪ੍ਰਚਾਰਕ ਜਥਾ, ਧਾਰਮਕ ਬਣਤਰਾਂ (ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਅਕਾਦਮਿਕ ਕੇਂਦਰ ਵਗੈਰਾ) ਜਾਂ ਰਾਜਸੀ ਧੜਾ ਇੱਕਲਾ ਆਪਣੇ ਆਪ ਵਿੱਚ ਖਾਲਸਾ ਪੰਥ ਦਾ ਨੁਮਇੰਦਾ ਨਹੀਂ ਹੋ ਸਕਦਾ। ਜਿਹੜੇ ਰਾਜਸੀ ਧੜੇ ਪਾਤਿਸਾਹੀ ਦਾਅਵੇ ਦੀ ਜਗ੍ਹਾ ਕਿਸੇ ਦੁਨਿਆਵੀ ਤਖਤ ਦੀ ਸੂਬੇਦਾਰੀ ਵਿੱਚ ਸੰਤੁਸ਼ਟ ਹਨ ਉਹ ਖਾਲਸਾ ਪੰਥ ਦੀ ਨੁਮਾਇੰਦਗੀ ਹਰਗਿਜ ਨਹੀਂ ਕਰ ਸਕਦੇ।

## ਅ) ਜਥੇਬੰਦ ਹੋਣ ਦੀ ਪੰਥਕ ਰਵਾਇਤ

ਸਿੱਖ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੁਖਾਤਬ ਰਿਹਾ ਹੈ ਅਤੇ ਗੁਰ-ਸੰਗਤਿ ਦੀ ਨੁਮਾਇੰਦਾ ਜਥੇਬੰਦੀ ਖਾਲਸਾ ਪੰਥ ਰਹੀ ਹੈ। ਖਾਲਸਾ ਪੰਥ ਰਾਹੀਂ ਪਰਮ-ਜੋਤ ਦਾ ਕਾਲ ਵਿੱਚ ਦਖਲ ਹੈ। ਖਾਲਸਾ ਪੰਥ ਸਿਰਫ ਮੀਰੀ ਹੀ ਨਹੀਂ ਸਗੋਂ ਪੀਰੀ ਦੇ ਦੈਵੀ ਗੁਣਾਂ ਦਾ ਵੀ ਤਵਾਰੀਖ ਵਿੱਚ ਪ੍ਰਗਟਾਵਾ ਕਰਦਾ ਹੈ ਭਾਵ ਖਾਲਸਾ ਜਥੇਬੰਦੀ ਸਿਰਫ ਦੁਨਿਆਵੀ ਹਾਲਤਾਂ ਕਾਰਨ ਹੀ ਹੋਂਦ ਵਿੱਚ ਨਹੀਂ ਆਈ ਸਗੋਂ ਪਰਮਾਤਮਾ ਦੀ ਮੌਜ (ਰੂਹਾਨੀ ਨਿਯਮਾਂ)ਵਿੱਚ ਕਿਰਿਆਸ਼ੀਲ ਹੁੰਦੀ ਹੈ।

ਖਾਲਸਾ ਪੰਥ ਦੇ ਅੰਦਰੂਨੀ ਜਥਿਆਂ ਵਿੱਚ ਦਰਜੇਬੰਦੀ ਨਹੀਂ ਹੁੰਦੀ, ਸਮਰੱਥਾ ਮੁਤਾਬਕ ਕਿਸੇ ਨੂੰ ਕੋਈ ਵੀ ਕੰਮ ਦਿੱਤਾ ਜਾ ਸਕਦਾ ਹੈ।

ਗੁਰੂ ਖਾਲਸਾ ਪੰਥ ਦਾ ਹੰਨੇ-ਹੰਨੇ ਮੀਰੀ ਦਾ ਅਮਲ ਰਿਹਾ ਹੈ ਅਤੇ ਹੈ।

ਖਾਲਸਾ ਪੰਥ ਦੇ ਜਥਿਆਂ ਵਿੱਚ ਸੂਤਰਧਾਰ ਦੀ ਭੂਮਿਕਾ ਗੁਰਮਤਿ ਅਤੇ ਪੰਥਕ ਪਰੰਪਰਾ ਨਿਭਾਉਂਦੀ ਹੈ।

ਅਗਵਾਈ ਪੰਚ ਪ੍ਰਧਾਨੀ ਅਤੇ ਫੈਸਲੇ ਸੰਗਤ ਰੂਪ ਵਿੱਚ ਕਰਨੇ, ਜਥੇਬੰਦ ਹੋਣ ਦਾ ਬੁਨਿਆਦੀ ਨੁਕਤਾ ਹੈ।

ਸਿੰਘ ਨਿੱਜ-ਭਾਵ ਵਿੱਚ ਨਹੀਂ ਵਿਚਰਦੇ ਹਨ। ਖਾਲਸਾ ਪੰਥ ਨਿੱਜ-ਹੋਂਦ ਨੂੰ ਬਰਕਰਾਰ ਰੱਖਣ ਵਾਲੇ ਬਹੁਤ ਸਾਰੇ ਵਿਅਕਤੀਆਂ ਦਾ ਜਮਘਟਾ ਜਾਂ ਕੋਈ ਸਮਾਜੀ-ਰਾਜਸੀ ਨਾਤੇਦਾਰੀ ਨਹੀਂ ਸਗੋਂ ਹਉਂ ਰਹਿਤ ਰੂਹਾਂ ਦੀ ਇਕਮਿਕ,ਸਥੂਲ ਜਿਉਂਦੀ-ਜਾਗਦੀ ਹੋਂਦ ਹੈ।

ਪੰਥਕ ਪਰੰਪਰਾ ਸਦ-ਵਿਗਾਸ ਵਿੱਚੋਂ ਗੁਜਰਦੀ ਹੈ, ਸੋ ਪੰਥਕ ਢਾਂਚੇ ਲਚਕੀਲੇ ਹੋਣਗੇ।

ਪਰ ਗੁਰੂ ਮਹਾਰਾਜ ਜੀਓ ਦੇ ਰੂਹਾਨੀ ਨਿਜਾਮ ਦੇ ਵਿੱਚ ਹੀ ਸਿੱਖ-ਸੰਗਤ ਪੁਰਾਤਨ ਸਮਿਆਂ ਤੋਂ ਕੁਝ ਪ੍ਰਮੁਖ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਗੁਰੂ ਮਹਾਰਾਜ ਜੀਓ ਦੀ ਹੀ ਆਗਿਆ ਨਾਲ ਜਥੇ ਸਾਜਦੀ ਰਹੀ ਹੈ, ਜਿਨ੍ਹਾਂ ਦੀ ਕੁਲ ਹੋਂਦ ਗੁਰੂ ਖਾਲਸਾ ਪੰਥ ਦੀ ਜਥੇਬੰਦੀ ਤੋਂ ਵੱਖਰੀ ਨਹੀਂ ਹੁੰਦੀ। ਜਥੇ ਸਮੇਂ ਸਮੇਂ ਤੇ ਇੱਕ ਦੂਜੇ ਤੋਂ ਵੱਖ ਅਤੇ ਇਕੱਠੇ ਹੁੰਦੇ ਰਹੇ ਹਨ।

ਪਰ ਵਰਤਮਾਨ ਸਮੇਂ ਵਿੱਚ ਸਿੱਖ-ਸੰਗਤ ਵਿੱਚ ਸੈਕੂਲਰ ਪੱਛਮੀ ਫਲਸਫੇ ਦੀ ਤਰਜ 'ਤੇ ਅਧਾਰਤ ਦਰਜਾ-ਬ-ਦਰਜਾ ਅਹੁਦੇਦਾਰੀਆਂ ਵਾਲੀਆਂ ਬਣਤਰਾਂ ਦਾ ਚਲਣ ਹੋ ਗਿਆ ਹੈ। ਇਸ ਵਿੱਚ ਗੁਣ ਅਧਾਰਤ ਸ਼ਖਸੀਅਤ ਦੀ ਬਜਾਏ ਅਹੁਦੇਦਾਰੀ ਨੂੰ ਹੀ ਪ੍ਰਮੁਖਤਾ ਹੈ।

ਇਸ ਕਿਸਮ ਦੀਆਂ ਰਾਜਸੀ ਸਿੱਖ ਜਥੇਬੰਦੀਆਂ ਸਿੱਖ ਪਰੰਪਰਾਵਾਂ ਅਤੇ ਸੰਸਥਾਵਾਂ ਨੂੰ ਮਜਬੂਤ ਕਰਨ ਦੀ ਬਜਾਏ ਵੋਟ-ਤੰਤਰ ਅਧੀਨ ਵੱਖ-ਵੱਖ ਪੱਧਰ ਦੀਆਂ ਚੋਣਾਂ ਜਿੱਤਣ ਦੀ ਰਣਨੀਤੀ ਤਹਿਤ ਗੁਰਮਤਿ ਨੂੰ ਤਿਲਾਂਜਲੀ ਦਿੰਦੀਆਂ ਜਾ ਰਹੀਆਂ ਹਨ।

## ੲ) ਆਗੂ ਚੁਣਨ ਦੀ ਪੰਥਕ ਰਵਾਇਤ

ਗੁਰੂ ਖਾਲਸਾ ਪੰਥ ਵਿੱਚ ਸ੍ਰੀ ਗੁਰੂ ਨਾਨਕ ਸੱਚੇ ਪਾਤਿਸਾਹ ਹਜੂਰ ਦੇ ਸਮੇਂ ਤੋਂ ਹੀ ਆਗੂ ਚੁਣਨ ਦੀ ਰਵਾਇਤ ਗੁਣ ਅਧਾਰਤ ਰਹੀ ਹੈ।

ਸੇਵਾ ਅਤੇ ਸਿਰੜ ਰਾਹੀਂ ਆਪਣੇ ਆਪ ਉਚੀਆਂ ਸ਼ਖਸੀਅਤਾਂ ਪ੍ਰਤੱਖ ਨਿੱਤਰ ਆਉਦੀਆਂ ਹਨ। ਵੋਟਾਂ ਦੇ ਜਰੀਏ ਬਹੁਗਿਣਤੀ ਨਾਲ ਆਗੂ ਥਾਪਣ ਦੀ ਪ੍ਰਥਾ ਨਹੀਂ ਹੈ।

ਗੁਰੂ ਖਾਲਸਾ ਪੰਥ ਅੰਦਰ ਅਗਵਾਈ ਦੀ ਪੰਚ-ਪ੍ਰਧਾਨੀ ਪ੍ਰਣਾਲੀ ਦੀ ਪਰੰਪਰਾ ਹੈ।

ਸਮੁੱਚੇ ਖਾਲਸਾ ਪੰਥ ਜਾਂ ਕਿਸੇ ਇੱਕ ਜਥੇ ਦਾ ਜਥੇਦਾਰ ਪ੍ਰਬੰਧਕ(Convenor) ਦੀ ਹੈਸੀਅਤ ਵਿੱਚ ਹੀ ਵਿਚਰਦਾ ਹੈ ਨਾ ਕਿ ਮਾਲਕ ਬਣਕੇ।

ਗੁਰੂ ਖਾਲਸਾ ਪੰਥ ਜਾਂ ਕਿਸੇ ਇੱਕ ਜਥੇ ਦੇ ਸਭ ਫੈਸਲੇ ਸਾਂਝੇ ਰੂਪ ਵਿੱਚ ਪੰਜ ਸਿੰਘ ਸਾਹਿਬਾਨ ਵਲੋਂ ਹੀ ਲਏ ਜਾਂਦੇ ਹਨ।

ਜਥੇ ਦੇ ਪੱਧਰ ਉਤੇ ਅਗਵਾਈ ਵਿੱਚ ਸ਼ਬਦ ਦੇ ਅਭਿਆਸੀ-ਬਾਣੀ ਦੇ ਰਸੀਏ, ਪੰਥ ਦਰਦੀ ਤੇ ਦੁਨਿਆਵੀ ਗੁਣਾਂ ਵਿੱਚ ਮਾਹਰ ਸ਼ਖਸੀਅਤ ਦਾ ਤਵਾਜਨ ਹੋਣਾ ਚਾਹੀਦਾ ਹੈ।

## ਸ) ਫੈਸਲੇ ਲੈਣ ਦੀ ਵਿਧੀ

ਗੁਰੂ ਖਾਲਸਾ ਪੰਥ ਵਿੱਚ ਫੈਸਲੇ ਲੈਣ ਲਈ ‘ਗੁਰਮਤਾ’ ਸੰਸਥਾ ਦੀ ਪ੍ਰਣਾਲੀ ਪ੍ਰਚਲਤ ਹੈ।

ਗੁਰਮਤਾ, ਖਾਲਸਾ ਜਥੇਬੰਦੀ ਦੇ ਜਜ਼ਬੇ ਦਾ ਸੰਸਥਾਗਤ ਪ੍ਰਗਟਾਵਾ ਹੈ। ਗੁਰਮਤਾ, ਸਰਬਤ ਗੁਰ-ਸੰਗਤਿ ਦਾ ਕਿਸੇ ਖਾਸ ਵਿਸ਼ੇ ਸੰਬੰਧੀ ਸਪਸ਼ਟ ਨਜਰੀਆ ਹੈ। ਇਹ ਦੈਵੀ ਮੰਡਲ ਵਿੱਚ ਵਿਚਰ ਰਹੀਆਂ ਰੂਹਾਂ ਦਾ ਸਾਂਝਾ ਸਵੈ-ਪ੍ਰਗਟਾਵਾ ਹੈ, ਜਿਸ ਰਾਹੀਂ ਸਰਬਤ ਖਾਲਸਾ ਜੀਓ ਇੱਕ ਜੋਤ-ਇੱਕ ਸਰੀਰ ਦੇ ਤੌਰ ‘ਤੇ ਵਿਚਾਰ ਅਤੇ ਅਮਲ ਦਾ ਜਲਵਾਗਰ ਕਰਦਾ ਹੈ।

ਗੁਰਮਤਾ ਅਤੇ ਪੱਛਮੀ ਤਰਜ ਦੀ ਸਰਬ-ਸੰਮਤੀ ਜਾਂ ਆਮ ਸਹਿਮਤੀ ਦੇ ਮਤੇ ਵਿਚ ਅਨੇਕਾ ਭਾਂਤੀ ਫਰਕ (ਵਖਰੇਵਾਂ) ਹੈ। ਪੱਛਮੀ ਤਰਜ ਦੀ ਸਰਬ-ਸੰਮਤੀ ਬਣਾਉਣ ਲਈ ਸਭਾ ਵਿੱਚ ਇੱਕਤਰ ਮਨੁੱਖ ਆਪਣੀ ਨਿੱਜ-ਹੋਂਦ ਨੂੰ ਸਭਾ ਦੀ ਸਾਂਝੀ ਹੋਂਦ ਵਿੱਚ ਜਜ਼ਬ ਨਹੀਂ ਕਰਦੇ ਸਗੋਂ ਵਿਅਕਤੀਗਤ ਰਾਵਾਂ ਨੂੰ ਥੋੜ੍ਹਾ ਵਧਾ ਘਟਾ ਕੇ ਆਮ ਸਹਿਮਤੀ ਬਣਾਈ ਜਾਂਦੀ ਹੈ, ਜਦਕਿ ਗੁਰਮਤੇ ਵਿੱਚ ਹਾਜਰ ਸਰਬਤ ਸਿੰਘ ਆਪਣੀ ਨਿੱਜ ਹੋਂਦ ਤੋਂ ਉਪਰ ਉਠਕੇ ਆਤਮਕ ਤੌਰ ਤੇ ਇਕਮਿਕ ਅਵਸਥਾ ਵਿੱਚ ਹੁੰਦੇ ਹਨ।

ਗੁਰੂ ਖਾਲਸਾ ਪੰਥ ਵਿੱਚ ਫੈਸਲੇ ਸੰਗਤੀ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਚ-ਪ੍ਰਧਾਨੀ ਅਗਵਾਈ ਪ੍ਰਣਾਲੀ ਤਹਿਤ ਕੀਤੇ ਜਾਂਦੇ ਹਨ। ਗੁਰੂ ਖਾਲਸਾ ਪੰਥ ਦੀ ਪਰੰਪਰਾ ਵਿੱਚ ਪੰਜ ਸਿੰਘ ਸਾਹਿਬ ਗੁਰ-ਸੰਗਤਿ ਦੇ ਵਿਚਾਰ ਸੁਣਦੇ ਹਨ। ਗੁਰਬਾਣੀ ਅਤੇ ਤਵਾਰੀਖ ਦੀ ਅੰਤਰ-ਦ੍ਰਿਸ਼ਟੀ ਨਾਲ ਨਤੀਜੇ ਉਪਰ ਪਹੁੰਚਦੇ ਹਨ। ਪੰਜ ਸਿੰਘ ਸਾਹਿਬਾਨ ਦਾ ਹੁਕਮ ਅੰਤਿਮ ਹੁੰਦਾ ਹੈ। ਫੈਸਲਾ ਲੈਣ ਵਿੱਚ ਸਿਰਫ ਵਿਚਾਰ ਵਟਾਂਦਰਾ ਹੀ ਆਖਰੀ ਪਹਿਲੂ ਨਹੀਂ ਹੁੰਦਾ ਸਗੋਂ ਅਕਾਲਪੁਰਖ ਦੀ ਰਜਾ ਉਤੇ ਭਰੋਸਾ ਅਹਿਮ ਹੁੰਦਾ ਹੈ। ਕਿਉਂਕਿ ਪੰਜਾਂ ਪਿਆਰਿਆਂ ਨੂੰ ਅਕਾਲਪੁਰਖ ਦਾ ਰੂਪ ਮੰਨਿਆ ਜਾਂਦਾ ਹੈ।

ਫੈਸਲਾ ਲੈਣ ਵਾਲੇ ਪੰਜ ਸਿੰਘ ਸਾਹਿਬ ਮੌਕੇ ਤੇ ਹੀ ਸੰਗਤ ਵਿੱਚੋਂ ਚੁਣੇ ਜਾਂਦੇ ਹਨ। ਅੰਤਮ ਫੈਸਲਾ ਲੈਣ ਤੋਂ ਬਾਅਦ ਮੁੜ ਸੰਗਤ ਦਾ ਹੀ ਹਿੱਸਾ ਬਣ ਜਾਂਦੇ ਹਨ।

ਹੁਣ ਦੇ ਸਮੇਂ ਵਿੱਚ ਗੁਰੂ ਮਹਾਰਾਜ ਦੀ ਛਤਰ ਛਾਇਆ ਹੇਠ ਸੰਗਤੀ ਰੂਪ ਵਿੱਚ ਸਾਂਝੇ ਮਤੇ, ਗੁਰਮਤੇ ਕਰਨ ਦੀ ਬਜਾਏ ਵਿਅਕਤੀ ਵਿਸ਼ੇਸ਼ ਦੀ ਮਨ ਦੀ ਮਤ ਅਨੁਸਾਰ ਫੈਸਲੇ ਲੈਣ ਦੀ ਪ੍ਰਥਾ ਸਥਾਪਤ ਕੀਤੀ ਜਾ ਰਹੀ ਹੈ।

# ਸੰਸਾਰ ਵਿੱਚ ਖਾਲਸਾ ਪੰਥ ਦੀ ਭੂਮਿਕਾ ਅਤੇ ਅਮਲ

ਗੁਰੂ ਖਾਲਸਾ ਪੰਥ ਦਾ ਮੂਲ ਦਾਅਵਾ 'ਪਾਤਿਸਾਹੀ ਦਾਅਵਾ' ਹੈ ਜੋ ਉਸ ਨੂੰ ਧੁਰ ਦਰਗਾਹ ਤੋਂ ਮਿਲਿਆ ਹੈ।

ਗੁਰੂ ਖਾਲਸਾ ਪੰਥ ਸਰਬ-ਬਿਆਪੀ ਅਤੇ ਸਦੈਵ ਨਿਆਂਕਾਰ ਹੈ। ਇਹ ਪੱਛਮੀ ਨੇਸ਼ਨਜ ਵਾਂਗੂੰ (ਪਰੰਪਰਕ ਸਭਿਆਚਾਰਕ) ਪਛਾਣਾਂ ਦੇ ਘੇਰਿਆਂ ਵਿੱਚ ਬੰਨ੍ਹਿਆ ਹੋਇਆ ਨਹੀਂ ਹੈ।

ਗੁਰੂ ਖਾਲਸਾ ਪੰਥ ਦਾ ਪਾਤਿਸਾਹੀ ਦਾਅਵਾ ਬ੍ਰਹਿਮੰਡੀ ਹੈ, ਦੁਨਿਆਵੀ ਤੌਰ ਤੇ ਮੁਕੰਮਲ ਖੇਤਰਾਂ ਵਿੱਚ ਫੈਲਿਆ ਹੋਇਆ ਹੈ। ਭਾਵ ਇਹ ਰੂਹਾਨੀ ਮੰਡਲ ਦੇ ਨਾਲ-ਨਾਲ ਰਾਜਸੀ, ਸਮਾਜੀ, ਆਰਥਕ, ਗਿਆਨ ਪ੍ਰਬੰਧ ਆਦਿ ਤੱਕ ਫੈਲਿਆ ਹੋਇਆ ਹੈ।

ਕੋਈ ਵੀ ਦੁਨਿਆਵੀ ਪ੍ਰਬੰਧ ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਸਰਬਤ ਦੇ ਭਲੇ ਦੇ ਸਿਧਾਂਤ ਦੇ ਅਨੁਸਾਰੀ ਨਹੀਂ ਹੈ ਉਸ ਪ੍ਰਬੰਧ ਨੂੰ ਸੁਧਾਰਨ ਜਾਂ ਸੋਧਣ (ਖਤਮ) ਦੇ ਅਮਲ ਵਿੱਚ ਖਾਲਸਾ ਪੰਥ ਦੀ ਭੂਮਿਕਾ ਅਟੱਲ ਹੈ।

ਗੁਰੂ ਖਾਲਸਾ ਪੰਥ ਦੀ ਜ਼ਿੰਮੇਵਾਰੀ ਹੈ ਕਿ ਜਰਵਾਣੇ ਕੀ ਭੱਖਿਆ-ਗਰੀਬ ਕੀ ਰੱਖਿਆ ਅਤੇ ਰੱਬੀ ਹੁਕਮ ਤੋਂ ਆਕੀ ਪ੍ਰਬੰਧਾਂ ਨੂੰ ਸੋਧਣ ਦਾ ਉਦਮ ਕਰੇ। ਸੋ, ਪੰਜਾਬ ਤੋਂ ਬਾਹਰ ਵੀ ਸਿੱਖ-ਸੰਗਤ ਜਿਸ ਸਮਾਜ ਵਿੱਚ ਰਹਿ ਰਹੀ ਹੈ ਉੱਥੇ ਉਨ੍ਹਾਂ ਦੀ ਸੰਕਟ ਅਤੇ ਆਮ ਸਮਾਜਕ ਹਾਲਤਾਂ ਵਿੱਚ ਭੂਮਿਕਾ ਗੁਰਮਤਿ ਅਧਾਰਤ ਸਰਬਤ ਦੇ ਭਲੇ ਵਾਲੀ ਹੋਣੀ ਚਾਹੀਦੀ ਹੈ।

ਸਿੱਖ-ਸੰਗਤ ਦਾ ਵਿਦੇਸ਼ਾਂ ਵਿੱਚ ਸਮਾਜੀ ਤੇ ਰਾਜਸੀ ਪਿੜ ਵਿੱਚ ਬੁਲੰਦ ਮੁਕਾਮ ਹੈ ਅਤੇ ਧਾਰਮਕ ਤੌਰ 'ਤੇ ਨਿਆਰੀ ਪਛਾਣ ਹੈ। ਇਹ ਮੁਕਾਮ ਸ੍ਰੀ ਗੁਰੂ ਨਾਨਕ ਸੱਚੇ ਪਾਤਿਸਾਹ ਹਜੂਰ ਦੀ ਕਿਰਪਾ ਸਦਕਾ,ਸੰਕਟ ਦੀਆਂ ਹਾਲਤਾਂ ਅਤੇ ਔਖੀਆਂ ਘੜੀਆਂ ਵਿੱਚ ਨਿਤਾਣੀ ਲੋਕਾਈ ਨਾਲ ਖੜ੍ਹਨ ਕਰ ਕੇ ਹਾਸਲ ਹੋਇਆ ਹੈ।

ਇਹ ਗੱਲ ਧਿਆਨਯੋਗ ਹੈ ਕਿ ਬਾਹਰਲੇ ਦੇਸ਼ਾਂ ਵਿੱਚ ਸਮਾਜ ਸੇਵਾ ਤੇ ਰਾਜਸੀ ਪਹਿਲਕਦਮੀ ਖਾਲਸਾ ਜੀਓ ਦੇ ਪਾਤਿਸਾਹੀ ਦਾਅਵੇ ਨੂੰ ਵਿਸਾਰ ਕੇ ਹੋ ਰਹੀ ਹੈ। ਖਾਲਸਾ ਜੀਓ ਦਾ ਪਾਤਿਸਾਹੀ ਦਾਅਵਾ ਅਤਿ ਜਰੂਰੀ ਹੈ ਕਿਉਂਕਿ ਇਸ ਤੋਂ ਬਿਨਾ ਸੁਤੰਤਰ ਵਿਚਰਨ ਦੀ ਅਣਹੋਂਦ ਖਾਲਸਾ ਪੰਥ ਦੀ ਹਸਤੀ ਹਕੂਮਤ ਦੇ ਅਧੀਨ ਸਿਰਫ ਇੱਕ ਸਭਿਆਚਾਰਕ ਘਟਗਿਣਤੀ ਤੱਕ ਸੀਮਤ ਹੋ ਜਾਂਦੀ ਹੈ। ਪਾਤਿਸਾਹੀ ਦਾਅਵੇ ਤੋਂ ਬਿਨਾਂ ਖਾਲਸਾ ਪੰਥ ਦਾ ਮੁਕੰਮਲ ਤੌਰ ਤੇ ਜਲੌ ਪ੍ਰਗਟ ਨਹੀਂ ਹੋ ਸਕਦਾ ਅਤੇ ਸਰਬਤ ਦੇ ਭਲੇ ਦਾ ਸਿਧਾਂਤ ਠੋਸ ਰੂਪ ਵਿੱਚ ਅਮਲ ਵਿੱਚ ਨਹੀਂ

ਆ ਸਕਦਾ। ਹਰ ਸਿੱਖ ਲਈ ਜਰੂਰੀ ਹੈ ਕਿ ਉਹ ਗੁਰੂ ਪੰਥ ਅਤੇ ਗੁਰਮਤਿ ਦੇ ਸਰਬੱਤ ਦੇ ਭਲੇ ਦੇ ਨੇਮ ਮੁਤਾਬਿਕ ਕੰਮ ਕਰੇ ਨਾ ਕਿ ਸਮੇਂ ਦੀਆਂ ਹਕੂਮਤਾਂ ਦੇ ਅਨੁਸਾਰੀ ਹੋ ਕੇ।

# ਦੱਖਣ ਏਸ਼ੀਆ ਅਤੇ ਦਿੱਲੀ ਤਖਤ ਅਧੀਨ ਖਿੱਤੇ ਵਿੱਚ ਗੁਰੂ ਖਾਲਸਾ ਪੰਥ ਦੀ ਭੂਮਿਕਾ

## ੳ) ਇਸ ਖਿੱਤੇ ਵਿੱਚ ਪੰਜਾਬ ਦਾ ਮਹੱਤਵ:

## • ਪੰਜਾਬ ਦੀ ਭੂਗੋਲਿਕ ਸਥਿਤੀ:

ਪੰਜਾਬ ਸਰਬੱਤ ਕਾਇਨਾਤ ਦੇ ਭਲੇ ਦੇ ਸਮਰੱਥ ਗੁਰਮਤਿ ਨੂੰ ਸਮਾਜੀ-ਰਾਜਸੀ ਰੂਪ ਵਿੱਚ ਲਾਗੂ ਕਰਨ ਵਾਲੀ ਤਵਾਰੀਖੀ ਧਰਤੀ ਹੈ। ਖਾਲਸਾ ਪੰਥ ਦੇ ਕੇਂਦਰੀ ਅਸਥਾਨ ਇਸ ਧਰਤ ‘ਤੇ ਸ਼ੋਭ ਰਹੇ ਹਨ।

ਪੰਜਾਬ ਗੁਰੂ ਖਾਲਸਾ ਪੰਥ ਦੇ ਅਮਲ ਦੀ ਧਰਤ ਹੈ, ਜਿਸ ਦੀ ਜਰਵਾਣਿਆਂ ਦੀ ਭੱਖਿਆ ਅਤੇ ਗਰੀਬ ਦੀ ਰੱਖਿਆ ਲਈ ਯੁੱਧ ਕਰਨ ਦੀ ਸ਼ਾਨਾਮੱਤੀ ਤਵਾਰੀਖ ਹੈ।

ਪੰਜਾਬ ਕੁਦਰਤੀ ਤੌਰ ਤੇ ਬਿਹਤਰੀਨ ਜਲ ਸਰੋਤਾਂ, ਮਿੱਟੀ ਅਤੇ ਮੌਸਮ ਨਾਲ ਨਵਾਜੀ ਹੋਈ ਧਰਤੀ ਹੈ ਜਿਸ ਕਾਰਨ ਇਹ ਪੂਰੇ ਖਿੱਤੇ ਵਿੱਚ ਖੇਤੀ ਉਪਜ ਦੀ ਬਹੁਲਤਾ ਵਾਲਾ ਇੱਕੋ-ਇੱਕ ਦੇਸ ਹੈ।

- ## ਦੱਖਣ ਏਸ਼ੀਆ ਅਤੇ ਸੰਸਾਰ ਦੀ ਭੂ-ਸਿਆਸਤ ਵਿੱਚ ਸਥਾਨ:

ਮੌਜੂਦਾ ਰਾਜਸੀ ਪ੍ਰਬੰਧ ਅਨੁਸਾਰ ਪਰਮਾਣੂ ਹਥਿਆਰਾਂ ਨਾਲ ਲੈਸ ਦੋ ਮੁਲਕਾਂ ਦੇ ਵਿਚਕਾਰ ਸਥਿਤ ਹੋਣ ਕਾਰਨ ਪੰਜਾਬ ਦੀ ਭੂਗੋਲਿਕ ਸਥਿਤੀ ਅਹਿਮ ਹੈ।

ਆਲਮੀ ਪੱਧਰ ਤੇ ਵਿਵਾਦਤ ਰਾਜਸੀ ਧਰਤੀ ਤਸਲੀਮ ਕੀਤੇ ਗਏ ਕਸ਼ਮੀਰ ਦਾ ਸੌਖਾ ਜਮੀਨੀ ਲਾਂਘਾ ਸਾਂਝੇ ਪੰਜਾਬ ਵਿੱਚੋਂ ਹੋ ਗੁਜ਼ਰਦਾ ਹੈ।

ਰੂਸ, ਮੱਧ ਏਸ਼ੀਆ ਅਤੇ ਚੀਨ ਵਰਗੇ ਮੁਲਕਾਂ ਦੀ ਗਰਮ ਪਾਣੀ ਦੇ ਸਮੁੰਦਰੀ ਤੱਟ ਤੱਕ ਪਹੁੰਚ ਸਾਂਝੇ ਪੰਜਾਬ ਰਾਹੀਂ ਹੈ।

ਪੱਛਮ ਦੀ ਖੜੋਤ ਅਤੇ ਪੂਰਵ ਦੇ ਉਭਾਰ ਕਾਰਨ ਜੋ ਟਕਰਾਅ ਦੇ ਹਲਾਤ ਬਣਦੇ ਜਾ ਰਹੇ ਹਨ, ਉਹ ਇਸ ਖਿੱਤੇ ਨੂੰ ਵੀ ਪ੍ਰਭਾਵਤ ਕਰਨਗੇ।

- ## ਦੱਖਣ ਏਸ਼ੀਆ ਦੇ ਵਪਾਰ ਵਿੱਚ ਪੰਜਾਬ ਦਾ ਸਥਾਨ:

ਦੱਖਣ ਏਸ਼ੀਆ ਤੋਂ ਮੱਧ ਏਸ਼ੀਆ ਤੱਕ ਅਤੇ ਅਰਬ ਮੁਲਕਾਂ ਨਾਲ ਵਪਾਰ ਦੇ ਲਾਂਘੇ ਪੰਜਾਬ ਤੋਂ ਸ਼ੁਰੂ ਹੁੰਦੇ ਸਨ। ੪੭੯ ਨਾਨਕਸ਼ਾਹੀ (੧੯੪੭ ਈ) ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਸ਼ਹਿਰ ਏਸ਼ੀਆ ਦੀ ਅਹਿਮ ਖੁਸ਼ਕ-ਬੰਦਰਗਾਹ ਸੀ।

ਚੀਨ ਵੱਲੋਂ ‘ਇੱਕ ਖਿੱਤਾ-ਇੱਕ ਲਾਂਘਾ’ ਦੀ ਨੀਤੀ ਅਧੀਨ ‘ਚੀਨ-ਪਾਕਿਸਤਾਨ ਆਰਥਕ ਲਾਂਘੇ’ ਦੇ ਮੁਕੰਮਲ ਹੋ ਜਾਣ ਨਾਲ ਸੰਸਾਰ-ਵਪਾਰ ਵਿੱਚ ਨਵੀਂ ਪੈੜ ਪਏਗੀ। ਚੜ੍ਹਦੇ ਪੰਜਾਬ ਉਤੇ ਵੀ ਇਸ ਦਾ ਅਸਰ ਪਏਗਾ।

## ਅ) ਦਿੱਲੀ ਤਖਤ ਅਤੇ ਅਧੀਨ ਧਿਰਾਂ ਦੇ ਸੰਬੰਧ:

- 
- ## ਦਿੱਲੀ ਤਖਤ ਦੀ ਤਾਸੀਰ:

ਦਿੱਲੀ ਤਖਤ ਦੀ ਮਿਸ਼ਰਤ ਤਾਸੀਰ ਰਹੀ ਹੈ। ਇਸ ਦੀਆਂ ਚਾਰ ਮੁੱਖ ਪਰਤਾਂ ਹਨ:

੧. ਸਾਮਰਾਜੀ ਵਿਰਾਸਤ
੨. ਨੇਸ਼ਨ ਸਟੇਟ ਦੀ ਕਵਾਇਦ
੩. ਬਿਪਰ ਸੰਸਕਾਰ (ਮੰਨੂ ਮਤਿ)
੪. ਪੂੰਜੀਵਾਦ

- ## ਤਫਸੀਲ:

੧. ੪੭੯ ਨਾਨਕਸ਼ਾਹੀ (੧੯੪੭ ਈ) ਵਿੱਚ ਫਿਰੰਗੀ ਸਾਮਰਾਜ ਦਾ ਤਾਂ ਅੰਤ ਹੋ ਗਿਆ ਪਰ ਪ੍ਰਸ਼ਾਸਨ ਦਾ ਸਾਮਰਾਜੀ ਢਾਂਚਾ ਅੱਜ ਤੱਕ ਵੀ ਉਹਨਾ ਲੀਹਾਂ ਉਤੇ ਹੀ ਚੱਲ ਰਿਹਾ ਹੈ। ਜਿਸ ਵਿੱਚ ਕੁਦਰਤੀ ਸਰੋਤਾਂ ਦੀ ਲੁੱਟ ਅਤੇ ਮਨੁੱਖਾਂ ਨਾਲ ਗੁਲਾਮਾਂ ਵਾਲੇ ਵਰਤਾਉ ਦੀ ਬਿਰਤੀ ਸੁਤੇ ਸਿਧ ਹੀ ਮੌਜੂਦ ਹੈ।

ਰਾਜ ਪ੍ਰਬੰਧ ਦੀ ਅਸਲ ਤਾਕਤ ਹਿੰਦੂ ਉਚ ਵਰਗ ਕੋਲ ਹੀ ਰਹੀ ਹੈ। ਵੱਖਰੇ ਨਸਲੀ, ਸਮਾਜੀ, ਰਾਜਸੀ, ਸੱਭਿਆਚਾਰਕ ਤੇ ਭਾਸ਼ਾਈ ਸਮੂਹਾਂ ਤੇ ਕੌਮਾਂ ਅਤੇ ਧਰਮਾਂ ਦੀਆਂ ਆਸਾਂ ਉਮੰਗਾਂ ਨੂੰ ਸਰਕਾਰੀ ਜਬਰ ਨਾਲ ਕੁਚਲਿਆ ਜਾਂਦਾ ਹੈ। ਅੱਜ ਵੀ ਪ੍ਰਸ਼ਾਸਨ ਕਿਸੇ ਮਸਲੇ ਵਿੱਚ ਸ਼ਹਿਰੀਆਂ ਦੀ ਸਹਿਮਤੀ ਦਲੀਲ ਜਾਂ ਅਪੀਲ ਦੀ ਬਜਾਏ ਨਿਰੀ ਤਾਕਤ ਨਾਲ ਹੀ ਹਾਸਲ ਕਰਨ ਦੀ ਨੀਤੀ ਉਤੇ ਚੱਲਦਾ ਹੈ।

੨. ੪੭੯ ਨਾਨਕਸ਼ਾਹੀ (੧੯੪੭ ਈ) ਤੋਂ ਬਾਅਦ ਫਿਰੰਗੀ ਸਾਮਰਾਜ ਵੱਲੋਂ ਇੱਕੋ ਜਗ੍ਹਾ ਨੂੜੀਆਂ ਹੋਈਆਂ ਅਨੇਕਾਂ ਨਸਲਾਂ, ਸੈਂਕੜੇ ਸਭਿਆਚਾਰਾਂ, ਕੌਮਾਂ ਅਤੇ ਇਤਿਹਾਸਕ ਰਾਜਾਂ ਨੂੰ ਇੱਕੋ ਰਾਜਨੀਤਕ ਢਾਂਚੇ ਅਧੀਨ ਰੱਖਣ ਲਈ ਦਿੱਲੀ ਤਖਤ ਵੱਲੋਂ ਯੂਰਪ ਦੀ ਤਰਜ ਉਤੇ ਇੱਕੋ ਸਭਿਆਚਾਰ ਉਤੇ ਅਧਾਰਤ ਇੱਕ ਨੇਸ਼ਨ-ਸਟੇਟ ਬਣਾਉਣ ਦਾ ਕਾਰਜ ਵੀ ਸਾਮਰਾਜੀ ਕਿਰਦਾਰ ਦੇ ਨਾਲ ਰਲਾ ਲਿਆ ਗਿਆ। ਇਸ ਕਾਰਜ ਤਹਿਤ ਸਾਰੀਆਂ ਅੱਡਰੀਆਂ ਪਹਿਚਾਣਾਂ ਨੂੰ ਖਤਮ ਕਰ ਕੇ ਇੱਕੋ ਨੇਸ਼ਨ ਬਣਾਉਣ ਲਈ ਸ਼ੁਰੂ ਕੀਤੀ ਕਵਾਇਦ ਵਿੱਚ ਰਾਜ ਦੀਆਂ ਸਮੁੱਚੀਆਂ ਸੰਸਥਾਵਾਂ ਦੇ ਨਾਲ-ਨਾਲ ਵਿੱਦਿਆ ਪ੍ਰਬੰਧ, ਸਿਨੇਮਾ, ਟੀਵੀ ਅਤੇ ਹੋਰ ਸੰਚਾਰ ਸਾਧਨਾਂ ਆਦਿ ਦੀ ਵਰਤੋਂ ਕੀਤੀ ਜਾ ਰਹੀ ਹੈ।

੩. ਬਿਪਰ ਸੰਸਕਾਰਾਂ ਕਾਰਨ ਹਿੰਦੂ ਸਮਾਜ ਵਿੱਚ ਵਰਣ ਵੰਡ ਅਤੇ ਜਾਤ-ਪਾਤ ਵਰਗੇ ਊਚ-ਨੀਚ ਅਤੇ ਵਿਤਕਰੇ ਵਾਲੇ ਪ੍ਰਬੰਧ ਨੂੰ ਮਾਨਤਾ ਪ੍ਰਾਪਤ ਹੈ। ਪੱਛੜੇ ਵਰਗ ਸਮਾਜੀ, ਰਾਜਸੀ ਤੇ ਆਰਥਕ ਬਰਾਬਰੀ ਅਤੇ ਆਤਮ-ਸਨਮਾਨ ਲਈ ਜੂਝ ਰਹੇ ਹਨ। ਦਿੱਲੀ ਤਖਤ

ਉਤੇ ਪਕੜ ਬਣ ਜਾਣ ਕਾਰਨ ਅਖੌਤੀ ਉਚ ਵਰਣ-ਜਾਤ ਦੀ ਆਪਣੇ ਆਪ ਨੂੰ ਸਰਵ-ਸ੍ਰੇਸ਼ਟ ਸਮਝਣ ਦੀ ਮਾਨਸਿਕਤਾ ਦਾ ਵਿਖਾਵਾ ਜੋਰ 'ਤੇ ਹੈ। ਇਸੇ ਬਿਰਤੀ ਵਿੱਚੋਂ ਮਹਾਂਸ਼ਕਤੀ ਬਣਨ ਦੀ ਇਹਦੀ ਤੀਬਰ ਇੱਛਾ ਉਭਰ ਰਹੀ ਹੈ। ਇਹ ਇੱਛਾ ਬਿਪਰ-ਸੰਸਕਾਰ ਵਿੱਚੋਂ ਹੀ ਉਪਜੀ ਹੈ। ਇਸ ਬਾਬਤ ਇਹ ਆਪਣੇ ਬਾਰੇ ਵਿਸ਼ਵ-ਗੁਰੂ ਹੋਣ ਦੇ ਮਿੱਥ ਸਿਰਜਦੀ ਤੇ ਪਰਚਾਰਦੀ ਆਈ ਹੈ। ਗੁਆਂਢੀ ਮੁਲਕਾਂ ਨਾਲ ਇਹਦੀ ਤਲਖੀ ਇਸੇ ਬਿਰਤੀ ਦਾ ਨਤੀਜਾ ਹੈ।

ਇੰਡੀਆ ਦੇ ਅੰਦਰ ਦੂਜੀਆਂ ਕੌਮਾਂ ਨੂੰ ਲੈ ਕੇ ਵੀ ਦਿੱਲੀ ਤਖਤ ਦਾ ਇਹੀ ਵਤੀਰਾ ਹੈ। ਦਿੱਲੀ ਤਖਤ ਇੰਡੀਆ ਅੰਦਰ ਦੂਜੀਆਂ ਕੌਮਾਂ ਨੂੰ ਹਿੱਸੇਦਾਰ ਵਜੋਂ ਨਹੀਂ ਸਗੋਂ ਅਜਿਹੇ ਦੁਸ਼ਮਣ ਵਜੋਂ ਦੇਖਦਾ ਹੈ ਜਿਸ ਉੱਤੇ ਜਿੱਤ ਹਾਸਲ ਕਰਨੀ ਹੈ।
ਸਰਵ-ਸਾਂਝੀਵਾਲਤਾ ਦੇ ਮੁਦਈ ਹਾਸ਼ੀਏ 'ਤੇ ਹਨ।

੪. ਦਿੱਲੀ ਤਖ਼ਤ ਦੀ ਇੱਕ ਹੋਰ ਪਰਤ ਹੈ "ਪੂੰਜੀਵਾਦੀ ਆਰਥਕ ਪ੍ਰਬੰਧ" ਜਿਸ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਸਾਰੀ ਆਰਥਕ ਨੀਤੀ ਨੂੰ ਕੁੱਝ ਕੁ ਵੱਡੇ ਸਰਮਾਏਦਾਰਾਂ ਅਤੇ ਕਾਰਪੋਰੇਟ ਕੰਪਨੀਆਂ ਦੇ ਮੁਨਾਫ਼ੇ ਲਈ ਹੀ ਘੜਿਆ ਗਿਆ ਹੈ। ਇਹਦੇ ਚਲਦਿਆਂ ਬਿਪਰਵਾਦੀ ਸਰਕਾਰਾਂ ਅਤੇ ਦੇਸੀ-ਵਿਦੇਸ਼ੀ ਸਰਮਾਏਦਾਰ ਮਿਲੀਭੁਗਤ ਨਾਲ ਖਿੱਤੇ ਦੇ ਵਸੀਲਿਆਂ ਨੂੰ ਅਤੇ ਲੋਕਾਂ ਨੂੰ ਅੰਨ੍ਹੇਵਾਹ ਲੁੱਟ ਰਹੇ ਹਨ।

ਮੌਜੂਦਾ "ਕਾਰਪੋਰੇਟ ਪੂੰਜੀਵਾਦ" ਤੋਂ ਪਹਿਲਾਂ ਦਿੱਲੀ ਤਖਤ ਸ਼ੁਰੂ ਦੇ ਚਾਰ ਦਹਾਕਿਆਂ ਤੱਕ ਸਮਾਜਵਾਦੀ ਆਰਥਕ ਪ੍ਰਬੰਧ ਦੇ ਨਾਂ ਉਤੇ "ਸਰਕਾਰੀ ਪੂੰਜੀਵਾਦ" ਦਾ ਮੁੱਦਈ ਰਿਹਾ ਹੈ। ਬਹੁ-ਕੌਮੀ ਉਪਮਹਾਂਦੀਪ ਵਿੱਚ ਨੇਸ਼ਨ-ਸਟੇਟ ਵਾਲੀ ਇਕਸਾਰਤਾ ਲਾਗੂ ਕਰਨ ਲਈ ਉਸ ਸਮੇਂ ਦਿੱਲੀ ਤਖਤ ਦੀ ਇਹ ਵੱਡੀ ਲੋੜ ਸੀ ਕਿ ਸਾਰਾ ਆਰਥਕ ਪ੍ਰਬੰਧ ਕੇਂਦਰੀ ਸਰਕਾਰ ਦੇ ਵੱਸ ਰਹੇ। ਇੰਡੀਆ ਦੇ ਵੱਖ-ਵੱਖ ਖਿੱਤਿਆਂ ਨੂੰ ਆਰਥਕ ਤੌਰ 'ਤੇ ਕੇਂਦਰ ਦੇ ਮੁਥਾਜ ਰੱਖਣਾ ਇਸੇ ਆਰਥਕ ਨੀਤੀ ਦਾ ਨਤੀਜਾ ਸੀ। ਪਿਛਲੇ ਦੋ ਦਹਾਕਿਆਂ ਤੋਂ ਦੁਬਾਰਾ ਸਾਮਰਾਜੀ ਕਿਰਦਾਰ ਜੋਰ ਫੜਦਾ ਜਾ ਰਿਹਾ ਹੈ।

ਗੁਰਮਤਿ ਦੀ ਰੌਸ਼ਨੀ ਵਿੱਚ ਇੱਕ ਨਵੇਂ ਆਰਥਕ ਪ੍ਰਬੰਧ ਬਾਰੇ ਵਿਚਾਰ ਸ਼ੁਰੂ ਹੋਣੀ ਚਾਹੀਦੀ ਹੈ।

## ਏ) ਨਿਤਾਣੀਆਂ ਧਿਰਾਂ ਦੀ ਮੁਕਤੀ ਦਾ ਸਵਾਲ:

- ### ਇਸ ਖਿੱਤੇ ਦੀਆਂ ਸੰਘਰਸ਼ਸ਼ੀਲ ਧਿਰਾਂ ਅਨੁਸਾਰ ਹੱਲ ਦੀਆਂ ਪ੍ਰਚਲਤ ਮਾਨਤਾਵਾਂ :

ਵੱਖ-ਵੱਖ ਢਾਂਚਿਆਂ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਰਾਜਸੀ ਪ੍ਰਬੰਧ ਵਿੱਚ ਸੋਧ ਬਹੁਤ ਜਰੂਰੀ ਹੈ। ਰਾਜਸੀ ਪ੍ਰਬੰਧ ਵਿੱਚ ਸੋਧ ਲਈ ਇਸ ਖਿੱਤੇ ਦੀਆਂ ਸੰਘਰਸ਼ਸ਼ੀਲ ਧਿਰਾਂ ਅਨੁਸਾਰ ਹੱਲ ਦੀਆਂ ਪ੍ਰਚਲਤ ਛੇ ਮਾਨਤਾਵਾਂ ਵਿਚਾਰੀਆਂ ਜਾ ਸਕਦੀਆਂ ਹਨ:

ਪਹਿਲੀ, ਇੰਡੀਆ ਦਾ ਸੰਵਿਧਾਨ ਠੀਕ ਹੈ ਪਰ ਇਮਾਨਦਾਰ ਬੰਦਿਆਂ ਦੀ ਘਾਟ ਹੈ। ਇਮਾਨਦਾਰ ਬੰਦਿਆਂ ਨੂੰ ਤਖਤ ‘ਤੇ ਬਿਠਾਇਆ ਜਾਵੇ ਤਾਂ ਇਹ ਪ੍ਰਬੰਧ ਠੀਕ ਚੱਲ ਸਕਦਾ ਹੈ।

ਦੂਜੀ, ਸੰਵਿਧਾਨ ਅਤੇ ਢਾਂਚੇ ਨੂੰ ਇਸ ਕਦਰ ਸੋਧਿਆ ਜਾਵੇ ਕਿ ਇਹ ਅਸਲ ਵਿੱਚ ਨਿਆਂਕਾਰੀ ਅਤੇ ਬਰਾਬਰਤਾ ਦੇ ਗੁਣਾਂ ਵਾਲਾ ਬਣ ਜਾਵੇ।

ਤੀਜੀ, ਇੰਡੀਆ ਵਿੱਚ ਅਸਲ ਫੈਡਰਲ ਢਾਂਚਾ ਬਹਾਲ ਕੀਤਾ ਜਾਵੇ। ਇਸ ਵਿੱਚ ਹੀ ਮੁਕਤੀ ਹੈ।

ਚੌਥੀ, ਦਿੱਲੀ ਤਖਤ ਨਾਲੋਂ ਵੱਖ ਹੋ ਕੇ ਵੱਖਰਾ ਦੇਸ਼ ਬਣਾਇਆ ਜਾਵੇ। ਨਾਗਾਲੈਂਡ, ਕਸ਼ਮੀਰ, ਤਾਮਿਲਨਾਡੂ ਤੇ ਖਾਲਿਸਤਾਨ* (ਅੰਤਿਕਾ ੪), ਆਦਿ।

ਪੰਜਵੀਂ, ਦੱਖਣੀ ਏਸ਼ੀਆ ਦੀਆਂ ਸਾਰੀਆਂ ਅਧੀਨ ਧਿਰਾਂ ਵੱਖੋ ਵੱਖਰੇ ਦੇਸ਼ ਬਣਾ ਕੇ ਇੱਕ ਸਾਂਝੀ ਕਨਫੈਡਰੇਸ਼ਨ ਬਣਾ ਲੈਣ ਜਿਸ ਦਾ ਇੱਕ ਥਾਂ ਤੇ ਕੁੱਝ ਕੁ ਸਾਂਝਾਂ ਵਾਲਾ ਢਾਂਚਾ ਹੋਵੇ। ਇਹ ਯੂਰਪੀ ਯੂਨੀਅਨ ਦੀ ਤਰਜ਼ ‘ਤੇ ਹੋ ਸਕਦਾ ਹੈ।

ਛੇਵੀਂ, ਦਿੱਲੀ ਤਖਤ ਦਾ ਪ੍ਰਬੰਧ ਗੁਰੂ ਖਾਲਸਾ ਪੰਥ ਦੀ ਛਤਰ ਛਾਇਆ ਹੇਠ ਚੱਲੇ।

- ### ਹੱਲ ਦੀਆਂ ਵਿਹਾਰਕ ਸੰਭਾਵਨਾਵਾਂ:

ਬਿਪਰ ਸੰਸਕਾਰੀ ਦਿੱਲੀ ਤਖਤ ਵੱਲੋਂ ਫਿਰੰਗੀ ਸਾਮਰਾਜ ਵਾਲਾ ਢਾਂਚਾ ਹੀ ਇੰਨ-ਬਿੰਨ ਅਪਣਾ ਲਿਆ ਗਿਆ ਹੈ ਜੋ ਕਿ ਸ਼ੋਸ਼ਣ ਅਤੇ ਜੁਲਮ ਦੀ ਬੁਨਿਆਦ ਉਤੇ ਖੜ੍ਹਾ ਹੈ। ਇਸ ਲਈ ਮੌਜੂਦਾ ਪ੍ਰਬੰਧ ਦੇ ਚੱਲਦਿਆਂ ਦਿੱਲੀ ਤਖਤ ਤੋਂ ਨਿਆਂ, ਬਰਾਬਰੀ ਤੇ ਖੁਦਮੁਖਤਿਆਰੀ

ਦੀ ਆਸ ਬੇ-ਮਾਅਨਾ ਹੈ। ਦਿੱਲੀ ਹਕੂਮਤ ਨੂੰ 'ਬਿਪਰ ਸਾਮਰਾਜ' ਸਮਝਿਆ ਜਾਣਾ ਚਾਹੀਦਾ ਹੈ। ਬਿਪਰ ਇਸ ਸਾਮਰਾਜ ਦੀ ਤਿਆਰੀ ਕਈ ਸਦੀਆਂ ਤੋਂ ਕਰ ਰਿਹਾ ਹੈ।

ਗੁਰਮਤਿ ਦੇ ਨਜ਼ਰੀਏ ਤੋਂ ਵਿਚਾਰਕ ਤੌਰ 'ਤੇ ਅਤੇ ਵਰਤਮਾਨ ਰਾਜਸੀ ਨੀਤੀ ਦੇ ਤੌਰ 'ਤੇ ਵੀ ਇਹੋ ਪੈਂਤੜਾ ਬਣਦਾ ਹੈ ਕਿ ਜੋ ਵੀ ਇਸ ਖਿੱਤੇ ਵਿੱਚ ਸਮਾਜਕ ਤੇ ਧਾਰਮਕ ਤੌਰ 'ਤੇ ਮੰਨੂ ਮਤਿ ਅਤੇ ਰਾਜਸੀ ਤੌਰ 'ਤੇ ਦਿੱਲੀ ਤਖਤ ਦੇ ਗਲਬੇ ਦੇ ਖਿਲਾਫ ਹੈ ਉਹਨਾਂ ਸਭ ਧਿਰਾਂ ਨਾਲ ਗਠਜੋੜ ਬਣਾਇਆ ਜਾਵੇ। ਉਪਮਹਾਂਦੀਪ ਵਿੱਚ ਹਰੇਕ ਸਮੂਹ ਦੀ ਬਣਤਰ ਜਿਵੇਂ ਵੱਖੋ ਵੱਖਰੀ ਹੈ ਇਸ ਕਰਕੇ ਪਹਿਲਾ ਤੋਂ ਹੀ ਮਿਥ ਕੇ ਇੱਕ ਸਾਂਝਾ ਨਿਸ਼ਾਨਾ ਜਾਂ ਪ੍ਰਬੰਧ ਸਾਰਿਆਂ ਵਾਸਤੇ ਤੈਅ ਨਹੀਂ ਕੀਤਾ ਜਾ ਸਕਦਾ| ਸਾਂਝੇ ਅਮਲ ਦਾ ਕੇਂਦਰੀ ਨੁਕਤਾ ਹੁਣ ਵਾਲੇ ਦਿੱਲੀ ਤਖਤ ਦਾ ਮੌਜੂਦਾ ਪ੍ਰਬੰਧ ਬਦਲਣ ਲਈ ਬਣ ਸਕਦਾ ਹੈ, ਉਸ ਤੋਂ ਬਾਅਦ ਹਰ ਇਕ ਸਮੂਹ ਆਪੋ ਆਪਣੇ ਨਜਰੀਏ ਮੁਤਾਬਿਕ ਭਵਿੱਖ ਦਾ ਫੈਸਲਾ ਕਰ ਸਕਦਾ ਹੈ ਕਿ ਉਸਨੇ ਕਿਸ ਤਰੀਕੇ ਦੇ ਰਾਜਸੀ ਪ੍ਰੰਬਧ ਵਿੱਚ ਸ਼ਾਮਲ ਹੋਣਾ ਹੈ।

## ਸ) ਸਰਬਤ ਦੇ ਭਲੇ ਵਾਲਾ ਢਾਂਚਾ ਸਿਰਜਣ ਵਿੱਚ ਖਾਲਸਾ ਪੰਥ ਦੀ ਭੂਮਿਕਾ:

ਰਾਜਸੀ ਖੇਤਰ ਵਿੱਚ ਸਾਮਰਾਜ ਤੇ ਨੇਸ਼ਨ-ਸਟੇਟ ਅਤੇ ਸਮਾਜਿਕ-ਧਾਰਮਿਕ ਖੇਤਰ ਵਿੱਚ ਮੰਨੂ ਮਤਿ ਇਹ ਸਭ ਬਿਪਰ ਦੀ ਰੀਤ (ਇੰਦਰਿਆਵੀ ਗਿਆਨ-ਹਉਮੈ) ਹੈ। ਇਹ ਸਭ ਜਰਵਾਣੇ ਦੇ ਰੂਪ ਵਿੱਚ ਇਸ ਖਿੱਤੇ ਦੀ ਨਿਤਾਣੀ ਲੋਕਾਈ ਦਾ ਦਮਨ ਕਰ ਰਹੇ ਹਨ। ਖਾਲਸਾ ਪੰਥ ਦਾ ਬਿਰਦ ਜਰਵਾਣੇ ਦੀ ਭੱਖਿਆ ਤੇ ਗਰੀਬ (ਨਿਤਾਣੇ) ਦੀ ਰੱਖਿਆ ਦਾ ਹੈ। ਇਸ ਲਈ ਖਾਲਸਾ ਪੰਥ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਨਿਤਾਣੀ ਲੋਕਾਈ ਦੀ ਧਿਰ ਬਣੇ ਅਤੇ ਸਰਬਤ ਦੇ ਭਲੇ ਲਈ ਸੰਘਰਸ਼ ਵਿੱਚ ਮੋਹਰੀ ਭੂਮਿਕਾ ਨਿਭਾਵੇ।

ਇਸ ਖਿੱਤੇ ਵਿੱਚ ਖਾਲਸਾ ਪੰਥ ਦੀ ਭੂਮਿਕਾ ਦੀ ਨੀਤੀਗਤ ਸੰਭਾਵਨਾ ਵੇਖਣੀ ਜ਼ਰੂਰੀ ਹੈ।

ਵੱਖੋ ਵੱਖਰੀ ਧਾਰਮਿਕ, ਸਭਿਆਚਾਰਕ ਭਿੰਨਤਾ ਬਾਰੇ ਸਮਝ ਵੀ ਬਹੁਤ ਜ਼ਰੂਰੀ ਹੈ।

## ੳ) ਪੰਜਾਬ ਦੀ ਰਾਜਨੀਤਕ ਸਮੱਸਿਆ:

ਪੰਜਾਬ ਦੀ ਰਾਜਸੀ ਸਮੱਸਿਆ ਚਾਰ ਪਰਤੀ ਹੈ;

੧. ਸਾਮਰਾਜੀ ਹਮਲਾ: ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ, ਖੇਤੀ-ਬਾੜ੍ਹੀ, ਉਦਯੋਗੀਕਰਨ ਅਤੇ ਵਪਾਰ ਨਾਲ ਸੰਬੰਧਤ ਮਸਲਿਆਂ ਦੀ ਜੜ੍ਹ ਦਿੱਲੀ ਤਖਤ ਦੇ ਸਾਮਰਾਜੀ ਰਵਈਏ ਵਿੱਚ ਪਈ ਹੈ।

੨. ਨੇਸ਼ਨ ਸਟੇਟ ਬਣਾਉਣ ਦੀ ਕਵਾਇਦ: ਨੇਸ਼ਨ ਸਟੇਟ ਦੀ ਉਸਾਰੀ ਪੰਜਾਬ ਨਾਲ ਧੱਕੇ ਦਾ ਸਬੱਬ ਬਣ ਰਹੀ ਹੈ।

੩. ਪੂੰਜੀਵਾਦ ਦੇ ਉਦਾਰੀਕਰਨ, ਨਿਜੀਕਰਨ,ਸੰਸਾਰੀਕਰਨ ਵਰਤਾਰਿਆਂ ਨੇ ਸਾਮਰਾਜੀ ਹਮਲੇ ਦੀ ਧਾਰ ਨੂੰ ਹੋਰ ਤਿੱਖਾ ਕੀਤਾ ਹੈ। ਪੰਜਾਬ ਦੇ ਕਿਸਾਨ, ਕਾਰੀਗਰ ਤੇ ਕਿਰਤੀ ਦੀ ਲੁੱਟ ਕੰਪਨੀਆਂ ਹੱਥੋਂ ਹੋਰ ਵੱਧ ਗਈ ਹੈ। ਪੂੰਜੀਵਾਦੀ ਧਿਰਾਂ ਵਿਸ਼ੇ-ਵਿਕਾਰਾਂ ਨੂੰ ਹੋਰ ਪ੍ਰਚੰਡ ਕਰਨ ਵਾਲੇ ਸਭਿਆਚਾਰ ਨੂੰ ਸਥਾਪਤ ਕਰਨ ਲਈ ਯਤਨਸ਼ੀਲ ਹਨ।

੪. ਗੁਰਮਤਿ ਅਤੇ ਬਿਪਰ ਸੰਸਕਾਰ ਦੀ ਆਪਸੀ ਵਖਰਤਾ (ਵਿਰੋਧ): ਸਮੱਸਿਆ ਦੀ ਚੌਥੀ ਪਰਤ ਗੁਰਮਤਿ ਅਤੇ ਬਿਪਰ ਸੰਸਕਾਰ ਦਾ ਆਪਸੀ ਵਿਰੋਧ ਹੈ। ਗੁਰਮਤਿ ਬਰਾਬਰੀ ਅਤੇ ਸਾਂਝੀਵਾਲਤਾ ਵਾਲੇ ਸਰਬਤ ਦੇ ਭਲੇ ਵਾਲੇ ਸਮਾਜ-ਰਾਜ ਦੀ ਹਾਮੀ ਹੈ ਜਦਕਿ ਬਿਪਰ ਸੰਸਕਾਰ ਊਚ-ਨੀਚ ਵਾਲੇ ਸਮਾਜ ਅਤੇ ਵਿਤਕਰੇ ਵਾਲੇ ਰਾਜ ਨੂੰ ਮਾਨਤਾ ਦਿੰਦਾ ਹੈ। ਗੁਰੂ ਖਾਲਸਾ ਪੰਥ ਵਿੱਚ ਬਿਪਰ ਸਾਮਰਾਜ ਦੇ ਅਧੀਨ ਨਿਤਾਣਿਆਂ ਦੀ ਧਿਰ ਬਣਨ ਦੀ ਸਮਰੱਥਾ ਕਾਰਨ ਮੰਨੂ ਮਤੀਆਂ ਨੂੰ ਗੁਰੂ ਖਾਲਸਾ ਪੰਥ ਤੋਂ ਭੈਅ ਆ ਰਿਹਾ ਹੈ।

ਇਸ ਕਰ ਕੇ ਸਿੱਖ ਸੰਸਥਾਵਾਂ ਤੇ ਜਥਿਆਂ ਨਾਲ ਦਿੱਲੀ ਤਖਤ ਦਾ ਰਵਈਆ ਜਰਵਾਣਿਆਂ ਵਾਲਾ ਰਿਹਾ ਹੈ।

ਸਿੱਟਾ ਇਹ ਨਿਕਲਿਆ ਕਿ ਦਿੱਲੀ ਤਖਤ ਦੇ ਸਿੱਖਾਂ ਅਤੇ ਬਾਕੀ ਅਧੀਨ ਧਿਰਾਂ ਨਾਲ ਵਿਤਕਰੇ ਅਤੇ ਜੁਲਮ ਦੇ ਉਪਰੋਕਤ ਵਿੱਚੋਂ ਪਹਿਲੇ ਤਿੰਨ ਕਾਰਨ ਤਾਂ ਸਾਂਝੇ ਹਨ ਪਰ ਚੌਥਾ ਨੁਕਤਾ ਗੁਰਮਤਿ ਅਤੇ ਬਿਪਰ ਸੰਸਕਾਰ ਦੇ ਵਿਰੋਧ ਵਾਲਾ ਸਿੱਖਾਂ ਅਤੇ ਪੰਜਾਬ ਪ੍ਰਸੰਗ ਵਿੱਚ ਖਾਸ ਤੇ ਵੱਖਰਾ ਕਾਰਨ ਹੈ। ਇਹਨਾਂ ਕਾਰਨਾਂ ਵਿੱਚੋਂ ਹੀ ਸਾਰੀਆਂ ਰਾਜਨੀਤਕ ਸਮੱਸਿਆਵਾਂ ਦਾ ਨਿਕਾਸ ਹੋਇਆ ਹੈ ।

- ਰਾਜਨੀਤਕ ਹੱਲ ਲਈ ਰਾਹ:

ਗੁਰਮਤਿ ਦੇ ਨਜਰੀਏ ਤੋਂ, ਵਿਚਾਰਕ ਤੌਰ ’ਤੇ ਅਤੇ ਪੰਜਾਬ ਦੇ ਰਾਜਸੀ ਹੱਲ ਲਈ ਨੀਤੀ ਦੇ ਤੌਰ ’ਤੇ ਵੀ ਇਹੋ ਪੈਂਤੜਾ ਬਣਦਾ ਹੈ ਕਿ ਜੋ ਵੀ ਇਸ ਖਿੱਤੇ ਵਿੱਚ ਸਮਾਜਿਕ ਤੇ ਧਾਰਮਿਕ ਤੌਰ ਉੱਤੇ ਮੰਨੂ-ਮਤਿ ਅਤੇ ਰਾਜਸੀ ਤੌਰ ਤੇ ਦਿੱਲੀ ਤਖਤ ਦੇ ਖਿਲਾਫ ਹੈ ਉਹਨਾਂ ਸਭ ਧਿਰਾਂ ਨਾਲ ਗਠਜੋੜ ਬਣਾਉਣ ਦੀ ਲੋੜ ਹੈ। ੨੧ਵੀਂ ਸਦੀ ਵਿੱਚ ਰਾਜਸੀ ਬਦਲਾਅ ਦੀ ਚਾਲ ਵੀ ਤੇਜ਼ ਹੈ ਤੇ ਕੋਈ ਕਿਆਸ ਵੀ ਨਹੀਂ ਕੀਤਾ ਜਾ ਸਕਦਾ ਕਿ ਕੀ ਹੋਣਾ ਹੈ। ਦਿੱਲੀ ਤਖਤ ਦਾ ਮੌਜੂਦਾ ਪ੍ਰਬੰਧ ਖਾਰਜ ਹੋਣ ਦੀ ਸੂਰਤ ਵਿੱਚ ਇਹ ਦੇਖਿਆ ਜਾਣਾ ਚਾਹੀਦਾ ਹੈ ਕਿ ਕਿਹੜਾ ਰਾਜਸੀ ਪ੍ਰਬੰਧ (ਭਾਵ ਅਜਾਦ ਮੁਲਕ, ਕਨਫੈਡਰੇਸ਼ਨ ਜਾਂ ਦਿੱਲੀ ਤਖਤ ਦੀ ਬਾਦਸ਼ਾਹੀ) ਅਪਣਾਉਣਾ ਹੈ ਇਹ ਫੈਸਲਾ ਲੈਣ ਵੇਲੇ ਸਭ ਤੋਂ ਅਹਿਮ ਨੁਕਤਾ ਇਹ ਹੋਵੇਗਾ ਕਿ ਉਸ ਵਿੱਚ ਗੁਰੂ ਖਾਲਸਾ ਪੰਥ ਦੀ ਹੋਂਦ ਹਸਤੀ ਕੀ ਹੋਵੇਗੀ? ਰਾਜ ਪ੍ਰਬੰਧ ਅਤੇ ਗੁਰੂ ਖਾਲਸਾ ਪੰਥ ਦੇ ਆਪਸੀ ਸਬੰਧ ਕੀ ਹੋਣਗੇ? ਇਹ ਵਿਚਾਰ ਬਹੁਤ ਜ਼ਰੂਰੀ ਹੈ।

## ਅ) ਪੰਜਾਬ ਦੇ ਕੁਦਰਤੀ ਅਤੇ ਆਰਥਕ ਸਰੋਤਾਂ ਦੇ ਸ਼ੋਸ਼ਣ ਦਾ ਮਸਲਾ:

ਕੁਦਰਤੀ ਅਤੇ ਆਰਥਕ ਸਰੋਤਾਂ ਦਾ ਹੋ ਰਿਹਾ ਸ਼ੋਸ਼ਣ ਦਿੱਲੀ ਤਖਤ ਦੇ ਪੰਜਾਬ ਪ੍ਰਤੀ ਉਪਰੋਕਤ ਬਹੁ-ਪਰਤੀ ਰਵਈਏ ਕਾਰਨ ਹੈ। ਇਸ ਦਾ ਪੱਕਾ ਹੱਲ ਤਾਂ ਮੌਜੂਦਾ ਬਿਪਰ ਸਾਮਰਾਜ ਤੋਂ ਅਜਾਦੀ ਵਿੱਚ ਹੈ। ਪਰ ਇਹ ਲੜਾਈ ਲੰਬੀ ਹੋ ਸਕਦੀ ਹੈ। ਇਸ ਲਈ ਇਹਨਾਂ ਮਸਲਿਆਂ ਨੂੰ ਸੰਬੋਧਤ ਹੋਣ ਲਈ ਮੌਜੂਦਾ ਰਾਜਸੀ ਢਾਂਚਿਆਂ ਰਾਹੀਂ ਹਰ ਸੰਭਵ ਯਤਨ ਦੇ ਨਾਲ ਨਾਲ ਜੋ ਵੀ ਅੰਸ਼ਕ ਹੱਲ ਸਮਾਜੀ ਅਤੇ ਪੰਥਕ ਪੱਧਰ ਉਤੇ ਕੀਤੇ ਜਾ ਸਕਦੇ ਹਨ ਉਹ ਫੌਰੀ ਪੱਧਰ ਉਤੇ ਕਰਨੇ ਚਾਹੀਦੇ ਹਨ।

## ੲ) ਸਰਬਸਾਂਝੀਵਾਲਤਾ ਵਾਲਾ ਸਮਾਜਕ ਭਾਈਚਾਰਾ ਸਿਰਜਣ ਲਈ ਯਤਨ:

ਸਮਾਜਕ ਵਰਤਾਰਿਆਂ ਨੂੰ ਰਾਜਸੀ ਪ੍ਰਬੰਧ ਬਹੁਤ ਗਹਿਰੀ ਹੱਦ ਤੱਕ ਪ੍ਰਭਾਵਤ ਕਰਦਾ ਹੈ। ਇਸ ਲਈ ਸਮਾਜਕ ਭਾਈਚਾਰਾ ਸਿਰਜਣ ਲਈ ਰਾਜਸੀ ਤਾਕਤ ਤੋਂ ਬਿਨਾਂ ਪੂਰਨ ਤੌਰ ‘ਤੇ ਸਫਲਤਾ ਤਾਂ ਨਹੀਂ ਪਾਈ ਜਾ ਸਕਦੀ ਪਰ ਗੁਰੂ ਸਾਹਿਬ ਰਾਹੀਂ ਬਖਸ਼ੀਆਂ ਸਿੱਖ ਸੰਸਥਾਵਾਂ ਨੂੰ ਗੁਰਮਤਿ ਅਨੁਸਾਰ ਸਚਾਰੂ ਰੂਪ ਵਿੱਚ ਚਲਾ ਕੇ ਬਹੁਤ ਹੱਦ ਤੱਕ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ।

ਇਸ ਲਈ ਬੁਨਿਆਦੀ ਸੰਸਥਾਵਾਂ; ਗੁਰ ਸੰਗਤ, ਗੁਰਦੁਆਰਾ ਅਤੇ ਇਲਾਕਾਈ ਪੰਥਕ ਜਥਾ ਗੁਰਮਤਿ ਜੁਗਤ ਰਾਹੀਂ ਸਾਜਣ ਅਤੇ ਚਲਾਉਣ ਨਾਲ ਸ਼ੁਰੂਆਤ ਕੀਤੀ ਜਾ ਸਕਦੀ ਹੈ।

**ਅਖੀਰ ਵਿੱਚ:** ਖਾਲਸਾ ਜੀ ਕੇ ਬੋਲਬਾਲੇ ਦੇ ਪਰਥਾਏ ਸਾਂਝੀ ਰਾਏ ਉਸਾਰੀ ਲਈ ਵਿਚਾਰ-ਵਟਾਂਦਰੇ ਦੀ ਸ਼ੁਰੂਆਤ ਵਜੋਂ ਇਸ ਖਰੜੇ ਵਿੱਚ ਸਿੱਖਾਂ ਦੀ ਵਰਤਮਾਨ ਹਾਲਤ ਅਤੇ ਮਰਜ ਨੂੰ ਪਛਾਨਣ ਦਾ ਜਤਨ ਕੀਤਾ ਗਿਆ ਹੈ। ਖਾਲਸਾ ਪੰਥ ਤਵਾਰੀਖ ਵਿੱਚ ਅਨੇਕਾਂ ਚਣੌਤੀਆਂ ਦੇ ਸਨਮੁਖ ਹੁੰਦਾ ਆਇਆ ਹੈ ਅਤੇ ਉਨ੍ਹਾਂ ਨੂੰ ਸਰ ਕਰਦਾ ਰਿਹਾ ਹੈ। ਇਸ ਖਰੜੇ ਵਿੱਚ ਵਰਤਮਾਨ ਮਰਜ ਦਾ ਇਲਾਜ 'ਗੁਰੂ ਖਾਲਸਾ ਪੰਥ' ਦੀ ਅਸਲ ਹਸਤੀ ਦਾ ਚੇਤੰਨ ਰੂਪ 'ਚ ਅਹਿਸਾਸ ਅਤੇ ਸਮਰੱਥਾ ਨੂੰ ਸਮਝਣ ਅਤੇ ਪੰਥਕ ਰਵਾਇਤ 'ਤੇ ਤੁਰਨ ਦੇ ਰੂਪ ਵਿੱਚ ਪਛਾਣਿਆ ਗਿਆ ਹੈ। ਤਕਨੀਕ, ਵਪਾਰ, ਸਭਿਆਚਾਰ ਅਤੇ ਰਾਜਨੀਤੀ ਕਰ ਕੇ ਆਪਸ ਵਿੱਚ ਜੁੜੇ ਸੰਸਾਰ ਅੰਦਰ ਸਿੱਖ,ਇੱਕੋ ਵੇਲੇ ਪੰਜਾਬ, ਇੰਡੀਆ, ਏਸ਼ੀਆ ਅਤੇ ਸਮੁੱਚੀ ਦੁਨੀਆ ਦੇ ਚਾਰ ਵੱਖੋ-ਵੱਖਰੇ ਪਰ ਆਪਸੀ ਸਬੰਧਤ ਧਰਾਤਲਾਂ 'ਤੇ ਵਿਚਰ ਰਿਹਾ ਹੈ। ਇਸੇ ਲਈ ਮਸਲੇ ਦੇ ਹੱਲ ਵਾਸਤੇ ਭੂਗੋਲ, ਰਾਜਨੀਤੀ ਅਤੇ ਸੰਸਥਾਈ ਪਾਸਾਰਾਂ ਨੂੰ ਸੰਸਾਰ ਪ੍ਰਸੰਗ ਵਿੱਚ ਸਮਝਿਆ ਗਿਆ ਹੈ ਪਰ ਰਾਜਨੀਤੀ ਨੂੰ ਸਰਬਤ ਦੇ ਭਲੇ ਵੱਲ ਦਿਸ਼ਾ ਦੇਣ ਲਈ ਅਮਲ ਪੰਜਾਬ ਤੋਂ ਸ਼ੁਰੂ ਕਰ ਕੇ ਵੱਡੇ ਭੂਗੋਲ ਵੱਲ ਤੋਰਿਆ ਹੈ। ਸਿੱਖਾਂ ਦੀ ਵਰਤਮਾਨ ਸੰਸਾਰ ਵਿੱਚ ਭੂਮਿਕਾ ਦੀ ਸ਼ਨਾਖਤ ਹੋ ਰਹੀ ਹੈ। ਉਸ ਭੂਮਿਕਾ ਦੀ ਦਿਸ਼ਾ 'ਗੁਰੂ ਖਾਲਸਾ ਪੰਥ' ਅਨੁਸਾਰੀ ਕਰਨਾ ਅਤੇ ਸੇਵਾ ਨੂੰ ਗੁਰੂ-ਸੇਵਾ ਰੂਪ ਵਿੱਚ ਬਹੁਗੁਣਾ ਕਰਨਾ ਹੁਣ ਕੇਵਲ ਖਾਲਸਾ ਪੰਥ ਦੀ ਹੀ ਨਹੀਂ ਸਗੋਂ ਦੁਨੀਆ ਦੀ ਵੀ ਲੋੜ ਹੈ। ਇਹ ਸਰਬਤ ਦੇ ਭਲੇ ਦਾ ਮਾਰਗ ਹੈ ਜਿਸ ਲਈ ਇਹ ਖਰੜਾ ਹੋਂਦ ਵਿੱਚ ਆਇਆ ਹੈ।

--0--

# ਅੰਤਿਕਾ ੧

ਸੈਕੂਲਰ ਪੱਛਮੀ ਫਲਸਫਾ ਮੂਲ ਰੂਪ ਵਿਚ ਯੂਨਾਨੀ ਫਲਸਫੇ ਉਪਰ ਆਧਾਰਿਤ ਹੈ ਜੋ ਇੰਦ੍ਰਿਆਵੀ ਪ੍ਰਤੱਖਣ ਅਤੇ ਇਨਸਾਨੀ ਬੌਧਿਕ ਸਮਰੱਥਾ ਨਾਲ ਇਹਲੌਕਿਕ ਜਗਤ ਸਬੰਧੀ ਵਿਆਖਿਆ-ਵਿਸ਼ਲੇਸ਼ਣ ਕਰਨ ਵਾਲਾ ਇਕ ਅਨੁਸ਼ਾਸਨ ਹੈ। ੨੦੦੦ ਸਾਲ ਦੇ ਅਰਸੇ ਦੌਰਾਨ ਪੱਛਮੀ ਫਲਸਫੇ ਨੇ ਯੂਨਾਨ ਤੋਂ ਯੂਰਪ ਤਕ ਸਫ਼ਰ ਕਰਦਿਆਂ ਅਨਿਕ ਭਾਂਤੀ ਵਿਸਤਾਰ ਗ੍ਰਹਿਣ ਕਰ ਲਏ ਹਨ। ਵਰਤਮਾਨ ਵਿਚ ਮਸੀਹੀ ਪ੍ਰੋਟੈਸਟੈਂਟ ਖਿਆਲ ਨਾਲ ਬਗਲਗੀਰ ਸੈਕੂਲਰ ਪੱਛਮੀ ਫਲਸਫੇ ਦੀ ਪ੍ਰਧਾਨ ਸੁਰ ਇਹਲੌਕਿਕਤਾ ਹੈ। ਰੈਨੇਸਾਂ (Renaissance) ਵੇਲੇ ਯੂਰਪ ਵਿੱਚ ਸੰਸਾਰ ਦੀ ਵਿਆਖਿਆ ਸਬੰਧੀ ਦੋ ਸਿਧਾਂਤ ਪ੍ਰਚੱਲਤ ਹੋਏ : ੧. ਦੈਵੀ, ੨. ਲੌਕਿਕ। ਹੌਲੀ ਹੌਲੀ ਦੈਵੀ ਸਿਧਾਂਤ ਦਾ ਤਿਆਗ ਕਰ ਦਿੱਤਾ ਗਿਆ ਅਤੇ ਸੰਸਾਰ ਦੀ ਵਿਆਖਿਆ ਕੇਵਲ ਲੌਕਿਕ ਪੱਖ ਤੋਂ ਹੋਣ ਲੱਗੀ ਇਸੇ ਨੂੰ ਹੀ ਅੱਗੇ ਚੱਲ ਕੇ ਸੈਕੂਲਰਿਜ਼ਮ ਦਾ ਨਾਂ ਦਿੱਤਾ ਗਿਆ। ਸੈਕੂਲਰਿਜ਼ਮ ਦੀ ਸਭ ਤੋਂ ਵੱਡੀ ਘਾਟ ਇਹ ਹੈ ਕਿ ਇਸ ਵਿੱਚ ਦੈਵੀ ਪੱਖ ਦਾ ਨਿਸ਼ੇਧ ਹੈ। ਇਸ ਵਿੱਚ ਰੂਹਾਨੀ ਅਨੁਭਵ ਅਤੇ ਰੂਹਾਨੀ ਨੁਕਤਾ-ਨਿਗਾਹ ਗੈਰ-ਹਾਜ਼ਰ ਹੈ। ਇਹ ਯੂਰਪ ਕੇਂਦਰਤ ਹੈ ਅਤੇ ਗੋਰੀ ਨਸਲ ਦੀ ਪ੍ਰਭੁਤਾ ਸਥਾਪਿਤ ਕਰਦਾ ਹੈ, ਇਸ ਕਰਕੇ ਇਸ ਵਿੱਚੋਂ ਬ੍ਰਹਿਮੰਡੀ ਨੈਤਿਕਤਾ ਨਹੀਂ ਸਿਰਜੀ ਜਾ ਸਕਦੀ। ਇਸੇ ਕਰਕੇ ਇਹ ਸਰਬਤ ਦੇ ਭਲੇ ਦਾ ਸਿਧਾਂਤ ਨਹੀਂ ਦਿੰਦਾ। ਜੇਕਰ ਰੂਹਾਨੀ ਸੰਤੁਲਨ ਜਾਂ ਰੱਬੀ ਨਿਯਮ ਦੀ ਅਗਵਾਈ ਨਾ ਹੋਵੇ ਤਾਂ ਵਿਗਿਆਨ, ਤਰਕ, ਚਕਿਤਸਾ ਅਤੇ ਕਾਰਖਾਨੇ ਮਾਨਵਤਾ ਦੀ ਸੇਵਾ ਦੀ ਥਾਂ ਮੁਨਾਫਾ ਕਮਾਉਣ ਦਾ ਸਾਧਨ ਹੀ ਰਹਿਣਗੇ। ਇਸੇ ਤਰ੍ਹਾਂ ਸਮਾਜਿਕ ਪ੍ਰਬੰਧ, ਸਰਕਾਰ ਅਤੇ ਹੋਰ ਸੰਸਥਾਵਾਂ ਸੇਵਾ ਦੀ ਥਾਂ ਪ੍ਰਭੂਤਾ ਦੇ ਸਾਧਨ ਹੀ ਰਹਿਣਗੀਆਂ।

ਖਾਲਸਾ ਜੀ ਕੇ ਬੋਲ-ਬਾਲੇ ਦੈਵੀ ਵਰਤਾਰਾ ਹੋਣ ਕਾਰਨ ਲੌਕਿਕ ਜਗਤ ਦੀ ਵਿਆਖਿਆ ਜਾਂ ਵਿਸ਼ਲੇਸ਼ਣ ਕਰਨ ਲਈ ਦੈਵੀ ਕੀਮਤਾਂ ਲੋੜੀਂਦੀਆਂ ਹਨ।

# ਅੰਤਿਕਾ ੨

ਬਿਪਰ-ਸੰਸਕਾਰ ਮਨੁੱਖ ਦੀ ਧਰਮ-ਅਨੁਭੂਤੀ ਦੇ ਨਿਰਾਕਾਰ ਅਤੇ ਸਥੂਲ ਖੇਤਰਾਂ ਥੀਂ ਵਿਚਰਦੀ ਅਜਿਹੀ ਨਿਸ਼ੇਧ ਪ੍ਰਕ੍ਰਿਆ ਹੈ,ਜਿਹੜੀ ਇੱਕੋ ਸਮੇਂ ਵਿਅਕਤੀ ਅਤੇ ਜਾਤੀ ਦੀ ਲਿਵ-ਨਿਰੰਤਰਤਾ ਨੂੰ ਰੱਬੀ ਮਿਹਰ ਅਤੇ ਰੱਬੀ ਹੁਕਮ ਦੀ ਵਿਸ਼ਾਲਤਾ ਨਾਲੋਂ ਤੋੜਦੀ ਹੋਈ ਕੇਵਲ ਮਨੁੱਖ ਦੀ ਇੰਦ੍ਰਿਆਵੀ ਅਨੁਭਵ ਵਿੱਚੋਂ ਉਪਜਣ ਵਾਲੀ ਗਿਆਨ-ਹਉਮੈ ਦੇ ਅਧੀਨ ਕਰ ਦਿੰਦੀ ਹੈ। ਮਨੁੱਖ ਦੀ ਲਿਵ ਮਹਾਂ ਕਾਵਿਕ ਸ਼ਾਨ ਤੋਂ ਸੱਖਣੇ ਪਦਾਰਥਾਂ ਸੁਆਦ, ਖਿਆਲੀ ਉਤਾਰ-ਚੜ੍ਹਾਵਾਂ ਦੀ ਲੀਲ੍ਹਾ ਅਤੇ ਉਪਰਪ੍ਰਕ੍ਰਿਤਕ ਖੇਡਾਂ ਦੀ ਲਾਲਸਾ ਅਤੇ ਉਹਨਾਂ ਦੀ ਪ੍ਰਾਪਤੀ ਲਈ ਸੋਚੇ ਢੰਗਾਂ ਨੂੰ ਮਨੁੱਖ ਦਾ ਇਸ਼ਟ ਬਣਾ ਦਿੰਦੀ ਹੈ। ਜਿਉਂ ਹੀ ਉਚੀ ਸੁਰਤਿ ਨੂੰ ਜਨਮ ਦੇਣ ਵਾਲੀ ਰੱਬੀ ਸਿਦਕ ਦੀ ਵਿਸ਼ੇਸ਼ ਦਿਮਾਗੀ ਸ਼ਕਤੀ ਸੀਮਤ ਗਿਆਨ-ਹਉਮੈ ਵਿੱਚ ਬਦਲਦੀ ਹੈ, ਤਿਉਂ ਹੀ ਇਨਸਾਨੀ ਖਿਆਲ ਅਤੇ ਅਮਲ ਤੇਜ਼ੀ ਨਾਲ ਬੁੱਤ ਵੱਲ ਵਧਦੇ ਹਨ। ਮਨੁੱਖੀ ਭਾਈਚਾਰੇ ਵਿੱਚੋਂ ਡੂੰਘੇ ਸ਼ੁਕਰ ਦੀ ਖੂਬਸੂਰਤੀ ਟੁੱਟ ਜਾਂਦੀ ਹੈ, ਅਤੇ ਲੈਣ-ਦੇਣ ਦੀ ਬਿਰਤੀ ਦਿਸਦੇ ਅਤੇ ਅਣਦਿਸਦੇ ਬੁੱਤ ਸਾਜਣੇ ਸ਼ੁਰੂ ਕਰ ਦਿੰਦੀ ਹੈ; ਕਿਰਦਾਰ ਇਕ ਮਲੀਨ ਖਾਲੀਪਨ ਵਿੱਚ ਲਟਕਣਾ ਸ਼ੁਰੂ ਹੋ ਜਾਂਦਾ ਹੈ, ਅਤੇ ਸਤਿਕਾਰੀਆਂ ਅਤੇ ਪਰਵਾਣਤ ਕੀਮਤਾਂ ਅਸ਼ਲੀਲ ਕਪਟ ਵਿੱਚ ਡੁੱਬ ਜਾਂਦੀਆਂ ਹਨ।

ਬਿਪਰ-ਸੰਸਕਾਰ ਦੇ ਬਹੁਤ ਸਾਰੇ ਰੂਪ ਹੋ ਸਕਦੇ ਹਨ: ਸਿੱਖ-ਰੂਪ, ਮੁਸਲਮਾਨੀ ਰੂਪ, ਈਸਾਈ ਰੂਪ, ਬੋਧੀ ਰੂਪ, ਹਿੰਦੂ ਰੂਪ ਆਦਿ, ਪਰ ਇਹਨਾਂ ਸਭ ਰੂਪਾਂ ਦਾ ਕੇਂਦਰੀ ਬਿੰਬ ਬਿਪਰ-ਸੰਸਕਾਰ ਦੇ ਹਿੰਦੂ-ਰੂਪ ਵਿੱਚ ਹੀ ਸਥਾਪਤ ਹੈ। ਹਿੰਦੂ ਧਰਮ ਉਤੇ ਉਸਰੀ ਜੀਵਨ-ਜਾਂਚ ਅਤੇ ਇਸ ਦੇ ਪ੍ਰਧਾਨ ਧਰਮ ਗ੍ਰੰਥ ਬਿਪਰ-ਸੰਸਕਾਰ ਦਾ ਮੂਲ ਨਿਵਾਸ ਹਨ, ਉਸ ਦੀ ਪ੍ਰਫੁਲਤਾ ਦੇ ਅਸਲ ਮਦਦਗਾਰ ਹਨ, ਅਤੇ ਉਸ ਦਾ ਵਿਸ਼ੇਸ਼ ਰੂਪ ਸਥਾਪਤ ਕਰਨ ਦੀ ਜ਼ੁੰਮੇਵਾਰੀ ਨਿਭਾਉਦੇ ਹਨ।—(ਪ੍ਰੋ. ਹਰਿੰਦਰ ਸਿੰਘ ਮਹਿਬੂਬ ਹੁਰਾਂ ਦੀ ਰਚਨਾ "ਸਹਿਜੇ ਰਚਿਓ ਖਾਲਸਾ" ਸਫਾ- ੬੧੦)

# ਅੰਤਿਕਾ ੩

ਵਿਚਾਰਧਾਰਾ, ਫਲਸਫੇ ਤੋਂ ਛੋਟਾ ਪਸਾਰ ਰੱਖਣ ਵਾਲਾ ਇਕ ਪਦ ਹੈ। ਇਹ ਕਿਸੇ ਵਿਸ਼ੇਸ਼ ਮਸਲੇ ਜਾਂ ਦਰਪੇਸ਼ ਚੁਣੌਤੀ ਦੇ ਮੁਕਾਬਲੇ ਕੀਤੀ ਗਈ ਬੌਧਿਕ ਮੋਰਚੇਬੰਦੀ ਹੈ। ਉਸ ਵਿਸ਼ੇਸ਼ ਪ੍ਰਸੰਗ ਕਾਰਨ ਇਹ ਕਾਲ-ਖੰਡ ਅਧੀਨ ਹੁੰਦੀ ਹੈ ਅਤੇ ਸਰਬ-ਕਾਲੀ ਜਾਂ ਸਰਬ-ਵਿਆਪੀ ਨਹੀਂ ਹੁੰਦੀ। ਕਾਲ ਦੇ ਪ੍ਰਭਾਵ ਨਾਲ ਅਗਲੇ ਕਾਲ-ਖੰਡ ਵਿੱਚ ਇਸਦਾ ਮੱਹਤਵ ਇਕਸਾਰ ਨਹੀਂ ਰਹਿੰਦਾ।

# ਅੰਤਿਕਾ ੪

## ਖਾਲਿਸਤਾਨ ਕੀ ਹੈ:

੧. ਖਾਲਿਸਤਾਨ, ਖਾਲਸਾ ਪੰਥ ਨੂੰ ਸੱਚੇ ਪਾਤਿਸਾਹ ਗੁਰੂ ਨਾਨਕ ਸਾਹਿਬ ਜੀ ਵੱਲੋਂ ਬਖ਼ਸ਼ੀ ਸਦੀਵੀ ਪਾਤਿਸਾਹੀ ਦਾ ਖ਼ਾਸ ਸਮੇਂ ਅਤੇ ਸਥਾਨ ਵਿੱਚ ਵਿਹਾਰਕ ਰਾਜਸੀ ਸੱਤਾ (Political Power) ਵਜੋਂ ਪ੍ਰਗਟਾਵਾ ਹੈ।

੨. ਖਾਲਿਸਤਾਨ ਸੰਘਰਸ਼ ਸਿਰਫ ਆਪਣੀ ਸਵੈ ਪਛਾਣ ਅਤੇ ਸਵੈ ਹੋਂਦ ਨੂੰ ਬਚਾਉਣ ਲਈ ਅਸੁਰੱਖਿਆ ਦੀ ਬਿਰਤੀ ਦੀ ਪੈਦਾਵਾਰ ਨਹੀਂ ਹੈ ਸਗੋਂ ਪਾਤਿਸਾਹੀ ਖਾਲਸਾ ਪੰਥ ਦਾ ਜੁਗੋ-ਜੁਗ ਅਟੱਲ ਤੇ ਜ਼ਰੂਰੀ ਪਹਿਲੂ ਹੈ।

੩. ਖਾਲਿਸਤਾਨ ਤੋਂ ਸਾਡਾ ਭਾਵ ਆਜ਼ਾਦ (ਪ੍ਰਭੂਸੱਤਾ-ਸੰਪੰਨ) ਰਾਜਨੀਤਕ ਢਾਂਚਾ ਕਾਇਮ ਕਰਨਾ ਹੈ ਜਿਥੇ ਖਾਲਸਾ ਪੰਥ ਦੀ ਨਿਆਰੀ ਅਤੇ ਸੁਤੰਤਰ ਹੋਂਦ-ਹਸਤੀ ਨਿਰਵਿਘਨ ਵਿਗਸ ਸਕੇ ਅਤੇ ਜਿਸ ਵਿੱਚ ਸਰਬੱਤ ਦੇ ਭਲੇ ਵਾਲ਼ੀਆਂ ਹਲਤਮੁਖੀ ਤੇ ਪਲਤਮੁਖੀ ਬਣਤਰਾਂ (Spiritual and Temporal Structures) ਵਿਕਸਤ ਹੋ ਸਕਣ ਤਾਂ ਕਿ ਮਨੁੱਖ ਆਪਣੇ ਸੰਪੂਰਨ ਵਿਗਾਸ ਨੂੰ ਮਾਣ ਸਕੇ। ਭਾਵ ਅਜਾਦੀ, ਬਰਾਬਰਤਾ (ਨਸਲ, ਰੰਗ, ਲਿੰਗ, ਜਾਤ-ਪਾਤ, ਧਰਮ, ਅਮੀਰ-ਗਰੀਬ ਆਦਿ ਦੇ ਭਿੰਨ-ਭੇਦ ਤੋਂ ਰਹਿਤ, ਬਰਾਬਰੀ ਵਾਲਾ ਸਮਾਜਕ ਪ੍ਰਬੰਧ), ਨਿਆਂ ਤੇ ਸਾਂਝੀਵਾਲਤਾ ਵਾਲਾ ਆਦਰਸ਼ਕ ਸਮਾਜ ਅਤੇ ਰਾਜ।

੪. ਐਸਾ ਰਾਜ-ਪ੍ਰਬੰਧ ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਬ੍ਰਹਿਮੰਡੀ ਪਰਿਪੇਖ (Cosmic Perspective) ਨੂੰ ਸਾਕਾਰ ਕਰ ਸਕਣ ਦੇ ਸਮੱਰਥ ਹੋਵੇਗਾ।

੫. ਇਸ ਪ੍ਰਬੰਧ ਵਿੱਚ ਲੋਕ-ਰਾਜੀ ਪ੍ਰਵਿਰਤੀਆਂ ਤੇ ਸਾਂਝੀ ਲੋਕ ਅਗਵਾਈ ਭਾਵ ਪੰਚ ਪ੍ਰਧਾਨੀ ਪ੍ਰਣਾਲੀ ਹੋਵੇਗੀ ਅਤੇ ਖੁਦਮੁਖਤਿਆਰੀ ਦਾ ਸੰਚਾਰ ਸਭ ਤੋਂ ਹੇਠਲੇ ਪੱਧਰ ਤੱਕ ਹੋਵੇਗਾ।

੬. ਇਹ ਰਾਜ ਪ੍ਰਬੰਧ ਇੱਕ ਦੇਸ਼ ਜਾਂ ਦੇਸ਼ਾਂ ਦੇ ਸਮੂਹ ਦੀ ਧੌਂਸ ਤੋਂ ਮੁਕਤ ਰਾਜਨੀਤਕ ਵਿਸ਼ਵ ਪ੍ਰਬੰਧ ਦਾ ਹਾਮੀ ਹੋਵੇਗਾ।

੭. ਜਿਸ ਵਿੱਚ ਸਰੀਰਕ ਤੰਦਰੁਸਤੀ, ਸੁੱਚੀ ਕਿਰਤ, ਸਵੈ-ਮਾਣ ਤੇ ਚੜ੍ਹਦੀਕਲਾ, ਵਾਲਾ ਬੇ-ਖ਼ੌਫ਼ ਜੀਵਨ ਬਸਰ ਕਰਨ ਦਾ ਬੇਗਮਪੁਰੇ ਵਾਲਾ ਮਾਹੌਲ ਹੋਵੇ। (ਭਾਈ ਦਲਜੀਤ ਸਿੰਘ ਵੱਲੋਂ ੧੭ ਵੈਸਾਖ ੫੫੨ ਨਾਨਕਸ਼ਾਹੀ (੨੯ ਅਪ੍ਰੈਲ 2020 ਈ) ਨੂੰ ਜਾਰੀ ਕੀਤੇ ਨੀਤੀ ਬਿਆਨ ਵਿੱਚੋਂ)

ਪਾਤਿਸਾਹੀ ਦੇ ਸਿਧਾਂਤ
ਅਨੁਸਾਰ ਅਕਾਲਪੁਰਖ ਤੋਂ ਇਲਾਵਾ
ਖਾਲਸਾ ਪੰਥ ਹੋਰ ਕਿਸੇ ਵੀ ਤਾਕਤ, ਵਿਚਾਰ ਜਾਂ
ਰਾਜ ਪ੍ਰਬੰਧ ਦੀ ਅਧੀਨਗੀ ਜਾਂ ਗੁਲਾਮੀ ਕਿਸੇ ਵੀ ਰੂਪ ਵਿੱਚ
ਕਬੂਲ ਨਹੀਂ ਕਰ ਸਕਦਾ। ਖਾਲਸਾ ਪੰਥ ਸਿਰਫ ਅਕਾਲਪੁਰਖ
ਦੀ ਸਿੱਧੀ ਅਧੀਨਗੀ ਕਬੂਲਦਾ ਹੈ ਅਤੇ ਇਸ ਸਿਧਾਂਤ ਅਨੁਸਾਰ
ਪੰਥ ਦੇ ਅਮਲ/ਸਰਗਰਮੀ ਅਤੇ ਸੁਤੰਤਰਤਾ ਨੂੰ ਸੀਮਤ ਜਾਂ ਕਾਬੂ
ਕਰਨ ਦਾ ਹੱਕ ਕਿਸੇ ਵੀ ਤਾਕਤ ਕੋਲ ਨਹੀਂ ਹੈ। ਜਦੋਂ ਵੀ ਕੋਈ ਤਾਕਤ
ਖਾਲਸਾ ਪੰਥ ਦੀ ਸੁਤੰਤਰ ਹੋਂਦ ਨੂੰ ਕਾਬੂ ਜਾਂ ਸੀਮਤ ਕਰਨ ਦਾ
ਯਤਨ ਕਰਦੀ ਹੈ ਜਾਂ ਰੱਬੀ ਹੁਕਮਾਂ ਦੀ ਉਲੰਘਣਾ ਕਰਕੇ ਜੁਲਮੀ
ਰਾਜ ਸਥਾਪਤ ਕਰਦੀ ਹੈ ਤਾਂ ਖਾਲਸਾ ਪੰਥ ਉਸ ਨੂੰ ਜੜ੍ਹੋਂ
ਪੱਟ ਕੇ ਸਰਬਤ ਦੇ ਭਲੇ ਵਾਲਾ ਪ੍ਰਬੰਧ ਸਿਰਜਣ ਲਈ
'ਬਾਗੀ ਜਾਂ ਬਾਦਸ਼ਾਹ' ਵਾਲੀ ਦ੍ਰਿੜਤਾ ਨਾਲ
ਜੱਦੋ-ਜਹਿਦ ਕਰਦਾ ਹੈ।